ਰੋਜ਼ਾਨਾ ਪੰਜਾਬੀ ਅਖ਼ਬਾਰ
'ਲੋਕ ਬਾਣੀ'
ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ।
ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ
ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ
ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ
ਸੰਪਰਕ ਕਰੋ।
0181-2211009

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼
ਲੋਕ ਬਾਣੀ
(ਜਲੰਧਰ)
Email : lokbani08@gmail.com
ਬੁੱਧਵਾਰ, 1 ਸਤੰਬਰ 2021

ਲੋਕ ਬਾਣੀ ਅਖਬਾਰ ਪੋਰਟਲ ਟੀ.ਵੀਂ ਤੇ
ਨਵੀਆਂ ਤੇ ਤਾਜੀਆ ਖਬਰਾਂ ਦੇਖਣ ਲਈ
lokbani.com ਤੇ ਜਾਉ ਤੇ ਕਰੋ ਲਾਇਕ
☛ ਹੈ ਕੋਈ ਖਬਰ ਤੁਹਾਡੇ ਸ਼ਹਿਰ ਮੁਹਲੇ
ਪਿੰਡ ਦੀ ਸਾਨੂੰ ਲੋੜ ਹੈ ਪੰਜਾਬ ਦੇ ਹਰ ਕੋਨੇ ਤੋ
ਉਸ ਖਬਰ ਦੀ ਜੋ ਹੋਵੇ ਸੱਚ ਜਿਸ ਨੂੰ ਅਸੀਂ
ਪਹੁੰਚਾ ਸਕੀਏ ਪ੍ਰਸ਼ਾਸਨ ਤੱਕ ਤੁਰੰਤ ਹੋਵੇ
ਕਾਰਵਾਈ ਸਾਡੇ ਪਤਰਕਾਰਾਂ ਨਾਲ ਜਾ
ਮੁੱਖ ਦਫਤਰ ਨਾਲ ਜਲੰਧਰ
ਸੰਪਰਕ ਕਰੋ
9915594111
0181-2211009

R.N.I. Punpun/29016/2008 ✲ ਸਾਲ : 14 ✲ ਅੰਕ : 214 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111

ਪਾਕਿ ਵੱਲੋਂ 8 ਸਾਲ ਤੋਂ ਜੇਲ੍ਹ 'ਚ ਬੰਦ 2 ਭਾਰਤੀ ਰਿਹਾਅ

ਗਲਤੀ ਨਾਲ ਕੀਤੀ ਸੀ ਸਰਹੱਦ ਪਾਰ

ਲਾਹੌਰ/ਲੋਕ ਬਾਣੀ

ਦੋ ਭਾਰਤੀ ਨਾਗਰਿਕ, ਜੋ "ਗੈਰਕਾਨੂੰਨੀ ਸਰਹੱਦ ਪਾਰ ਕਰਨ" ਲਈ ਅੱਠ ਸਾਲਾਂ ਤੋਂ ਪਾਕਿਸਤਾਨ ਦੀ ਜੇਲ੍ਹ ਵਿੱਚ ਬੰਦ ਸਨ, ਨੂੰ ਵਾਹਗਾ ਬਾਰਡਰ 'ਤੇ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਦੇ ਹਵਾਲੇ ਕਰ ਦਿੱਤਾ ਗਿਆ ਹੈ।ਇਕ ਸਰਕਾਰੀ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਪੀ.ਟੀ.ਆਈ. ਨੂੰ ਦੱਸਿਆ ਕਿ 2013 ਵਿੱਚ, ਭਾਰਤੀ ਨਾਗਰਿਕ – ਸ਼ਰਮਾ ਰਾਜਪੂਤ ਅਤੇ ਰਾਮ ਬਹਾਦਰ – ਕਸ਼ਮੀਰ ਤੋਂ ਕੰਟਰੋਲ ਰੇਖਾ (ਐਲ.ਓ.ਸੀ.) 'ਤੇ ਪਾਕਿਸਤਾਨ ਦੇ ਖੇਤਰ ਵਿੱਚ ਦਾਖਲ ਹੋਏ ਅਤੇ ਉਨ੍ਹਾਂ ਨੂੰ ਪਾਕਿਸਤਾਨ ਰੇਂਜਰਾਂ ਦੁਆਰਾ ਗ੍ਰਿਫਤਾਰ ਕਰ ਲਿਆ ਗਿਆ।ਬਾਅਦ ਵਿੱਚ ਪਤਾ ਲੱਗਿਆ ਕਿ ਉਹ ਮਾਨਸਿਕ ਤੌਰ 'ਤੇ ਬੀਮਾਰ ਸਨ।ਅਧਿਕਾਰੀ ਨੇ ਕਿਹਾ ਕਿ ਉਹ ਸਪੱਸ਼ਟ ਤੌਰ 'ਤੇ ਅਣਜਾਣੇ ਵਿੱਚ ਸਰਹੱਦ ਪਾਰ ਕਰ ਗਏ ਸਨ।ਅਧਿਕਾਰੀ ਨੇ ਕਿਹਾ, "ਉਨ੍ਹਾਂ ਦੀਆਂ ਤਸਵੀਰਾਂ ਅਤੇ ਹੋਰ ਪ੍ਰਮਾਣ ਪੱਤਰ ਭਾਰਤ ਨਾਲ ਸਾਂਝੇ ਕੀਤੇ ਗਏ ਸਨ ਅਤੇ ਅੰਤ ਵਿੱਚ ਭਾਰਤ ਵੱਲੋਂ ਉਨ੍ਹਾਂ ਨੂੰ ਆਪਣੇ ਨਾਗਰਿਕ ਮੰਨਣ ਤੋਂ ਬਾਅਦ, ਰੇਂਜਰਾਂ ਨੇ ਉਨ੍ਹਾਂ ਨੂੰ ਸੋਮਵਾਰ ਨੂੰ ਬੀਐਸਐਫ ਦੇ ਹਵਾਲੇ ਕਰ ਦਿੱਤਾ।" ਜਕਿਰਯੋਗ ਹੈ ਕਿ ਇੱਕ ਸਾਲ ਪਹਿਲਾਂ ਕਥਿਤ "ਜਾਸੂਸੀ ਅਤੇ ਗੈਰਕਾਨੂੰਨੀ ਸਰਹੱਦ ਪਾਰ ਕਰਨ" ਦੇ ਦੋਸ਼ਾਂ ਤਹਿਤ ਪਾਕਿਸਤਾਨੀ ਅਧਿਕਾਰੀਆਂ ਦੁਆਰਾ ਗ੍ਰਿਫ਼ਤਾਰ ਕੀਤੇ ਗਏ 19 ਭਾਰਤੀ ਨਾਗਰਿਕਾਂ ਦੇ ਮਾਮਲੇ ਅਜੇ ਵੀ ਸੰਘੀ ਸਮੀਖਿਆ ਬੋਰਡ ਕੋਲ ਵਿਚਾਰ ਅਧੀਨ ਹਨ।ਪੁਲਸ ਅਤੇ ਰੇਂਜਰਸ ਨੇ ਦੇਸ ਦੇ ਸੁਰੱਖਿਆ ਅਤੇ ਸੀਕ੍ਰੇਟ ਸਰਵਿਸਿਜ ਐਕਟ ਦੇ ਤਹਿਤ ਦੇਸ ਦੇ ਵੱਖ -ਵੱਖ ਹਿੱਸਿਆਂ ਤੋਂ 19 ਭਾਰਤੀਆਂ ਨੂੰ ਗ੍ਰਿਫਤਾਰ ਕੀਤਾ ਸੀ ਉਨ੍ਹਾਂ ਨੂੰ ਵੱਖ -ਵੱਖ ਜੇਲ੍ਹਾਂ ਵਿੱਚ ਰੱਖਿਆ ਗਿਆ ਹੈ। ਉਨ੍ਹਾਂ ਨੂੰ ਸੰਘੀ ਸਮੀਖਿਆ ਬੋਰਡ ਦੇ ਸਾਹਮਣੇ ਪੇਸ ਕੀਤਾ ਗਿਆ, ਜਿਸ ਵਿੱਚ ਸੁਪੀਰੀਅਰ ਕੋਰਟ ਦੇ ਜੱਜ ਸ਼ਾਮਲ ਸਨ ਅਤੇ ਸੰਘੀ ਗ੍ਰਹਿ ਮੰਤਰਾਲੇ ਨੇ ਆਪਣੇ ਦੋਸ ਪੇਸ ਕੀਤੇ।ਅਧਿਕਾਰੀਆਂ ਨੇ ਕਿਹਾ ਕਿ ਬੋਰਡ ਨੇ ਉਨ੍ਹਾਂ ਦੀ ਹਿਰਾਸਤ ਉਦੋਂ ਤੱਕ ਵਧਾ ਦਿੱਤੀ ਜਦੋਂ ਤੱਕ ਉਨ੍ਹਾਂ ਦੇ ਮਾਮਲਿਆਂ 'ਤੇ ਫੈਸਲਾ ਗ੍ਰਹਿ ਮੰਤਰਾਲੇ ਦੀ ਜਾਂਚ ਰਿਪੋਰਟ ਦੇ ਆਧਾਰ' ਤੇ ਨਹੀਂ ਹੁੰਦਾ ਕਿ ਉਨ੍ਹਾਂ ਨੂੰ ਮੁਕੱਦਮੇ ਦਾ ਸਾਹਮਣਾ ਕਰਨਾ ਚਾਹੀਦਾ ਹੈ ਜਾਂ ਉਨ੍ਹਾਂ ਨੂੰ ਰਿਹਾਅ ਕੀਤਾ ਜਾਣਾ ਚਾਹੀਦਾ ਹੈ।

ਦਿੱਲੀ 'ਚ ਮੀਂਹ ਕਾਰਨ ਕਈ ਥਾਂਵਾਂ 'ਤੇ ਭਰਿਆ ਪਾਣੀ

ਨਵੀਂ ਦਿੱਲੀ/ਲੋਕ ਬਾਣੀ

ਰਾਸ਼ਟਰੀ ਰਾਜਧਾਨੀ ਦੇ ਕਈ ਇਲਾਕਿਆਂ 'ਚ ਮੰਗਲਵਾਰ ਸਵੇਰੇ ਮੀਂਹ ਪਿਆ, ਜਿਸ ਨਾਲ ਸੜਕਾਂ 'ਤੇ ਪਾਣੀ ਭਰ ਗਿਆ ਅਤੇ ਆਵਾਜਾਈ ਪ੍ਰਭਾਵਿਤ ਹੋਈ। ਆਵਾਜਾਈ ਪੁਲਸ ਅਤੇ ਲੋਕ ਨਿਰਮਾਣ ਵਿਭਾਗ (ਪੀ.ਡਬਲਿਊ.ਡੀ.) ਦੇ ਅਧਿਕਾਰੀਆਂ ਅਨੁਸਾਰ ਏਮਜ਼ ਫਲਾਈਓਵਰ, ਹਯਾਤ ਹੋਟਲ ਕੋਲ ਰਿੰਗ ਰੋਡ 'ਤੇ, ਸਾਵਿਤਰੀ ਫਲਾਈਓਵਰ ਦੇ ਦੋਹਾਂ ਪਾਸੇ, ਮਹਾਰਾਣੀ ਬਾਗ, ਧੌਲਾ ਕੁਆਂ ਤੋਂ 11 ਮੂਰਤੀ ਦਾ ਰਸਤਾ, ਸ਼ਾਹਜਹਾਂ ਰੋਡ, ਆਈ.ਟੀ.ਓ. ਦੇ ਡਬਲਿਊ ਪੁਆਇੰਟ, ਲਾਲਾ ਲਾਜਪਤ ਰਾਏ ਮਾਰਗ ਅਤੇ ਮੂਲਚੰਦ ਅੰਡਰਪਾਸ ਉਨ੍ਹਾਂ ਇਲਾਕਿਆਂ 'ਚ ਸ਼ਾਮਲ ਹਨ, ਜਿੱਥੇ ਪਾਣੀ ਭਰੇ ਹੋਣ ਦੀਆਂ ਖ਼ਬਰਾਂ ਆਈਆਂ ਹਨ। ਉਨ੍ਹਾਂ ਦੱਸਿਆ ਕਿ ਪਾਣੀ ਭਰਨ ਕਾਰਨ ਕੁਝ ਮਾਰਗਾਂ 'ਤੇ ਆਵਾਜਾਈ ਪ੍ਰਭਾਵਿਤ ਹੋਇਆ ਅਤੇ ਲੋਕਾਂ ਨੂੰ ਉਨ੍ਹਾਂ ਰਸਤਿਆਂ ਤੋਂ ਬਚਣ ਦੀ ਸਲਾਹ ਦਿੱਤੀ ਗਈ ਹੈ। ਦਿੱਲੀ ਆਵਾਜਾਈ ਪੁਲਸ ਨੇ ਕਈ ਟਵੀਟ ਕਰ ਕੇ ਦੱਸਿਆ, "ਆਈ.ਓ.ਸੀ.ਐੱਲ. ਦਵਾਰਕਾ ਤੋਂ ਐੱਨ.ਐੱਸ.ਜੀ. ਦਵਾਰਕਾ ਤੱਕ ਦੀ ਸੜਕ ਪਾਣੀ ਭਰਨ ਕਾਰਨ ਬੰਦ ਕੀਤੀ ਗਈ ਹੈ। ਕ੍ਰਿਪਾ ਇਸ ਰਸਤੇ ਦਾ ਇਤਸੇਮਾਲ ਕਰਨ ਤੋਂ ਬਚੋ।

ਭਾਰਤ ਨੇ ਹੁਣ ਤਾਲਿਬਾਨ ਨਾਲ ਕੀਤੀ ਗਲਬਾਤ ਸ਼ੁਰੂ

ਨਵੀਂ ਦਿੱਲੀ/ਲੋਕ ਬਾਣੀ

ਅਫਗਾਨਿਸਤਾਨ ਤੋਂ ਅਮਰੀਕੀ ਫੌਜਾਂ ਦੀ ਵਾਪਸੀ ਤੋਂ ਬਾਅਦ ਭਾਰਤ ਨੇ ਤਾਲਿਬਾਨ ਨਾਲ ਗੱਲਬਾਤ ਸ਼ੁਰੂ ਕਰ ਦਿੱਤੀ ਹੈ।ਕਤਰ 'ਚ ਭਾਰਤੀ ਰਾਜਦੂਤ ਨੇ ਅੱਜ ਤਾਲਿਬਾਨ ਦੇ ਇੱਕ ਉੱਚ ਆਗੂ ਨਾਲ ਗੱਲਬਾਤ ਕੀਤੀ।ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਦੱਸਿਆ ਕਿ ਤਾਲਿਬਾਨ ਵੱਲੋਂ ਅਫਗਾਨਿਸਤਾਨ 'ਤੇ ਕਬਜਾ ਕੀਤੇ ਜਾਣ ਮਗਰੋਂ ਇਹ ਦੋਵਾਂ ਧਿਰਾਂ ਵਿਚਾਲੇ ਪਹਿਲੀ ਰਸਮੀ ਮੁਲਾਕਾਤ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਭਾਰਤੀ ਰਾਜਦੂਤ ਦੀਪਕ ਮਿੱਤਲ ਨੇ ਤਾਲਿਬਾਨ ਦੀ ਅਪੀਲ 'ਤੇ ਦੋਹਾ 'ਚ ਤਾਲਿਬਾਨ ਦੇ ਸਿਆਸੀ ਦਫਤਰ ਦੇ ਮੁਖੀ ਸ਼ੇਰ ਮੁਹੰਮਦ ਅੱਬਾਸ ਸਤਾਨੇਕਜਈ ਨਾਲ ਮੁਲਾਕਾਤ ਕੀਤੀ। ਤਾਲਿਬਾਨ ਦੇ ਪਾਕਿਸਤਾਨ ਨਾਲ ਨਜਦੀਕੀ ਰਿਸ਼ਤਿਆਂ ਕਾਰਨ ਭਾਰਤ ਦੀਆਂ ਫਿਕਰਾਂ ਵੱਧ ਗਈਆਂ ਹਨ।ਵਿਦੇਸ਼ ਮੰਤਰਾਲੇ ਨੇ ਕਿਹਾ ਦੋਵਾਂ ਧਿਰਾਂ ਨੇ ਅਫਗਾਨਿਸਤਾਨ 'ਚ ਰਹਿ ਗਏ ਭਾਰਤੀਆਂ ਦੀ ਸੁਰੱਖਿਆ ਬਾਰੇ ਵਿਚਾਰ ਚਰਚਾ ਕੀਤੀ ਹੈ।ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਮਿੱਤਲ ਨੇ ਤਾਲਿਬਾਨ ਕੋਲ ਅਫਗਾਨਿਸਤਾਨ ਦੀ ਧਰਤੀ ਦੀ ਵਰਤੋਂ ਭਾਰਤ ਖਿਲਾਫ ਅਤਿਵਾਦੀ ਗਤੀਵਿਧੀਆਂ ਲਈ ਕੀਤੇ ਜਾਣ 'ਤੇ ਵੀ ਚਿੰਤਾ ਜਾਹਿਰ ਕੀਤੀ ਹੈ।

ਅਮਰੀਕਾ ਦੀ ਫੋਰੈਸਟ ਸਰਵਿਸ ਕਰੇਗੀ ਕੈਲੀਫੋਰਨੀਆ ਵਿਚਲੇ ਰਾਸ਼ਟਰੀ ਜੰਗਲਾਂ ਨੂੰ ਬੰਦ

ਫਰਿਜਨੋ/ਲੋਕ ਬਾਣੀ

ਅਮਰੀਕੀ ਸਟੇਟ ਕੈਲੀਫੋਰਨੀਆ ਵੱਡੇ ਪੱਧਰ 'ਤੇ ਜੰਗਲੀ ਅੱਗਾਂ ਦਾ ਸਾਹਮਣਾ ਕਰ ਰਹੀ ਹੈ।ਇਹਨਾਂ ਹੀ ਜੰਗਲੀ ਅੱਗਾਂ ਦੇ ਮੱਦੇਨਜਰ ਜਨਤਕ ਸੁਰੱਖਿਆ ਤੇ ਅੱਗ ਨੂੰ ਵਧਣ ਤੋਂ ਰੋਕਣ ਲਈ ਅਮਰੀਕੀ ਫੋਰੈਸਟ ਸਰਵਿਸ ਵੱਲੋਂ ਕੈਲੀਫੋਰਨੀਆ ਵਿਚਲੇ ਸਾਰੇ ਰਾਸਟਰੀ ਜੰਗਲਾਂ ਨੂੰ ਅਸਥਾਈ ਤੌਰ 'ਤੇ ਬੰਦ ਕੀਤਾ ਜਾਵੇਗਾ।ਇਸ ਸਬੰਧੀ ਯੂ. ਐੱਸ. ਫੋਰੈਸਟ ਸਰਵਿਸ ਨੇ ਘੋਸ਼ਣਾ ਕੀਤੀ ਹੈ ਕਿ ਮੰਗਲਵਾਰ ਤੋਂ ਕੈਲੀਫੋਰਨੀਆ ਦੇ ਅੰਦਰ ਸਾਰੇ ਰਾਸਟਰੀ ਜੰਗਲਾਂ ਨੂੰ ਅਸਥਾਈ ਤੌਰ 'ਤੇ ਬੰਦ ਕੀਤਾ ਜਾਵੇਗਾ। ਯੂ. ਐੱਸ. ਫੋਰੈਸਟ ਸਰਵਿਸ ਦੇ ਬਿਆਨ ਅਨੁਸਾਰ 31 ਅਗਸਤ ਤੋਂ 17 ਸਤੰਬਰ ਤੱਕ ਕੈਲੀਫੋਰਨੀਆ ਦੇ ਸਾਰੇ ਰਾਸਟਰੀ ਜੰਗਲ ਬੰਦ ਕਰ ਦਿੱਤੇ ਜਾਣਗੇ ਤਾਂ ਜੋ ਨਵੀਂ ਅੱਗ ਲੱਗਣ ਦੀ ਸੰਭਾਵਨਾ ਨੂੰ ਸੀਮਤ ਕੀਤਾ ਜਾ ਸਕੇ।ਖੇਤਰੀ ਜੰਗਲਾਤ ਅਧਿਕਾਰੀ ਜੈਨੀਫਰ ਏਬਰਲੀਅਨ ਇਹ ਫੈਸਲਾ ਬਹੁਤ ਸੋਚ ਸਮਝ ਕੇ ਲਿਆ ਗਿਆ ਹੈ ਕਿਉਂਕਿ ਜਨਤਕ ਸੁਰੱਖਿਆ ਲਈ ਇਹ ਸਭ ਤੋਂ ਵਧੀਆ ਵਿਕਲਪ ਹੈ। ਫੋਰੈਸਟ ਸਰਵਿਸ ਅਨੁਸਾਰ ਰਾਸਟਰੀ ਜੰਗਲਾਂ ਨੂੰ ਬੰਦ ਕਰਨ ਦਾ ਉਦੇਸ ਐਮਰਜੈਂਸੀ ਦੀ ਸਥਿਤੀ ਵਿੱਚ ਜਨਤਕ ਜਮੀਨ 'ਤੇ ਲੋਕਾਂ ਦੀ ਸੰਖਿਆ ਨੂੰ ਸੀਮਤ ਕਰਨਾ ਵੀ ਹੈ।

ਤਰਨਤਾਰਨ ਵਿਚ ਫੜੇ ਗਏ ਦੋ ਹਥਗੋਲੇ

ਤਰਨਤਾਰਨ/ਦਿਲਬਾਗ ਸਿੰਘ

ਪੰਜਾਬ ਪੁਲੀਸ ਨੇ ਤਰਨ ਤਾਰਨ ਦੇ ਪਿੰਡ ਜੌਹਲ ਧਾਈ ਵਾਲਾ ਦੇ ਸਰੂਪ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਉਸ ਕੋਲੋਂ ਕੋਲੋਂ 2 ਹੈਂਡ ਗ੍ਰਨੇਡ ਬਰਾਮਦ ਕੀਤੀ ਹਨ। ਪੰਜਾਬ ਦੇ ਡੀਜੀਪੀ ਨੇ ਦੱਸਿਆ ਕਿ ਇਸ ਗ੍ਰਿਫਤਾਰੀ ਨਾਲ ਰਾਜ ਵਿੱਚ ਅਤਿਵਾਦੀ ਹਮਲੇ ਦੀ ਸਾਜਸ਼ਿ ਨਾਕਾਮ ਹੋ ਗਈ ਹੈ।

ਬੰਗਾਲ ਦੇ ਕੋਵਿਡ ਟੀਕਾਕਰਨ ਕੇਂਦਰ ਵਿਚ ਹੋਇਆ ਹੰਗਾਮਾ

ਧੁਪਗੁਰੀ/ਲੋਕ ਬਾਣੀ : ਪੱਛਮੀ ਬੰਗਾਲ ਦੇ ਜਲਪਈਗੁਰੀ ਜਿਲ੍ਹੇ ਵਿੱਚ ਅੱਜ ਟੀਕਾਕਰਨ ਕੇਂਦਰ ਵਿੱਚ ਸੈਂਕੜੇ ਲੋਕਾਂ ਦੇ ਇਕੱਠੇ ਦਾਖਲ ਹੋਣ ਨਾਲ ਭਗਦੜ ਮਚ ਗਈ। ਇਸ ਦੌਰਾਨ 20 ਵਿਅਕਤੀ ਜਖਮੀ ਹੋ ਗਏ। ਪੁਲਿਸ ਅਫਸਰ ਨੇ ਦੱਸਿਆ ਕਿ ਹਾਦਸੇ ਵਿੱਚ ਜਖਮੀ ਹੋਏ ਵਿਅਕਤੀਆਂ ਵਿੱਚੋਂ ਚਾਰ ਦੀ ਹਾਲਤ ਗੰਭੀਰ ਹੈ ਅਤੇ ਉਹ ਜਲਪਈਗੁਰੀ ਸਦਰ ਹਸਪਤਾਲ ਵਿੱਚ ਜੇਰੇ ਇਲਾਜ ਹਨ। ਉਨ੍ਹਾਂ ਦੱਸਿਆ ਕਿ ਜਿਵੇਂ ਹੀ ਧੁਪਗੁਰੀ ਸਿਹਤ ਕੇਂਦਰ ਦਾ ਮੇਨ ਗੇਟ ਖੁੱਲ੍ਹਿਆ ਤਾਂ ਵੱਡੀ ਗਿਣਤੀ ਵਿੱਚ ਲੋਕਾਂ ਨੇ ਇਕੱਠਿਆਂ ਅੰਦਰ ਵੜਨ ਦੀ ਕੋਸ਼ਿਸ਼ ਕੀਤੀ। ਇਸ ਹਾਦਸੇ ਵਿੱਚ ਕਈ ਔਰਤਾਂ ਜਖਮੀ ਹੋ ਗਈਆਂ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।

ਕੋਵਿਡ-19: 17 ਮਹੀਨਿਆਂ ਬਾਅਦ ਭਲਕੇ ਬਹਾਲ ਹੋਵੇਗੀ ਇੰਦੌਰ-ਦੁਬਈ ਦੀ ਉਡਾਣ

ਇੰਦੌਰ/ਲੋਕ ਬਾਣੀ

ਸਰਕਾਰੀ ਹਵਾਬਾਜ਼ੀ ਕੰਪਨੀ ਏਅਰ ਇੰਡੀਆ ਦੀ ਇੰਦੌਰ-ਦੁਬਈ ਉਡਾਣ ਕਰੀਬ 17 ਮਹੀਨੇ ਦੇ ਲੰਬੇ ਵਕਫ਼ੇ ਮਗਰੋਂ ਬੁੱਧਵਾਰ ਯਾਨੀ ਕਿ ਕੱਲ੍ਹ ਬਹਾਲ ਹੋਵੇਗੀ। ਮੱਧ ਪ੍ਰਦੇਸ਼ ਦੀ ਇਸ ਇਕਲੌਤੀ ਸਿੱਧੀ ਕੌਮਾਂਤਰੀ ਉਡਾਣ ਦਾ ਪਰਿਚਾਲਨ ਕੋਵਿਡ-19 ਦੇ ਕਹਿਰ ਕਾਰਨ ਮਾਰਚ 2020 'ਚ ਰੋਕ ਦਿੱਤਾ ਗਿਆ ਸੀ, ਜਿਸ ਨੂੰ ਮਹਾਮਾਰੀ ਦੀ ਸਥਿਤੀ ਕੰਟਰੋਲ 'ਚ ਆਉਣ ਮਗਰੋਂ ਮੁੜ ਸ਼ੁਰੂ ਕੀਤਾ ਜਾ ਰਿਹਾ ਹੈ। ਏਅਰ ਇੰਡੀਆ ਦੇ ਇਕ ਅਧਿਕਾਰੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਇੰਦੌਰ-ਦੁਬਈ ਉਡਾਣ ਦੀ ਬਹਾਲੀ ਨੂੰ ਲੈ ਕੇ ਇੱਥੇ ਦੇਵੀ ਅਹਿਲਆਬਾਈ ਹੋਲਕਰ ਕੌਮਾਂਤਰੀ ਹਵਾਈ ਅੱਡੇ ਵਿਚ ਆਯੋਜਿਤ ਪ੍ਰੋਗਰਾਮ 'ਚ ਕੇਂਦਰੀ ਸ਼ਹਿਰੀ ਹਵਾਬਾਜ਼ੀ ਮੰਤਰੀ ਜੋਤੀਰਾਦਿੱਤਿਯ ਸਿੰਧੀਆ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਵੀਡੀਓ ਕਾਨਫਰੰਸ ਜ਼ਰੀਏ ਸ਼ਿਰਕਤ ਕਰਨਗੇ।

ਸੁਨਾਮ ਤੋਂ ਪੱਤਰਕਾਰ ਦੀ ਨਿਯੁਕਤੀ

ਅਦਾਰਾ ਰੋਜਾਨਾ ਲੋਕ ਬਾਣੀ ਅਖਬਾਰ ਵੱਲੋਂ ਗੋਬਿੰਦ ਰਾਮ ਨੂੰ ਸੁਨਾਮ ਤੋਂ ਪੱਤਰਕਾਰ ਨਿਯੁਕਤ ਕੀਤਾ ਜਾਂਦਾ ਹੈ।ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ

9463935000

ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ
ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ
ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111

ਬਾਰਡਰ ਕਿਸਾਨ ਯੂਨੀਅਨ ਨੇ ਖੇਮਕਰਨ ਦੇ ਸਰਕਾਰੀ ਹਸਪਤਾਲ 'ਚ ਲਗਾਇਆ ਧਰਨਾ

ਖੇਮਕਰਨ/ਲੋਕ ਬਾਣੀ : ਖੇਮਕਰਨ ਦੇ ਸਰਕਾਰੀ ਹਸਪਤਾਲ ਜਿਸ ਅਧੀਨ ਦਰਜਨਾਂ ਦੇ ਕਰੀਬ ਸਰਹੱਦੀ ਪਿੰਡ ਪੈਂਦੇ ਹਨ,ਪਰ ਇਹ ਹਸਪਤਾਲ ਲਗਭਗ ਬੰਦ ਹੈ ਕਿਉਂਕਿ ਇੱਥੇ ਕੋਈ ਡਾਕਟਰ ਨਹੀਂ ਹੈ . ਲੋਕ ਬਹੁਤ ਖੱਜਲ ਖੁਆਰ ਹੋ ਰਹੇ ਹਨ। ਇਸ ਮੁਸ਼ਕਿਲ ਨੂੰ ਲੈ ਕੇ ਬਾਰਡਰ ਕਿਸਾਨ ਯੂਨੀਅਨ ਵਲੋਂ ਅੱਜ ਇੱਥੇ ਸੀਨੀਅਰ ਮੀਤ ਪ੍ਰਧਾਨ ਸੁਰਜੀਤ ਸਿੰਘ ਭੂਰਾ ਦੀ ਅਗਵਾਈ ਵਿਚ ਧਰਨਾ ਲੱਗਾ ਦਿੱਤਾ ਹੈ ਤੇ ਐਲਾਨ ਕੀਤਾ ਹੈ ਕਿ ਜਿਨ੍ਹਾਂ ਚਿਰ ਡਾਕਟਰਾਂ ਦੀਆਂ ਨਿਯੁਕਤੀਆਂ ਨਹੀ ਹੋਣਗੀਆਂ, ਇਹ ਧਰਨਾ ਲਗਾਤਾਰ ਦਿਨ ਰਾਤ ਜਾਰੀ ਰਹੇਗਾ।

ਨਸ਼ੇ ਦੇ ਮੁੱਦੇ ਨੂੰ ਲੈ ਕੇ ਸਿੱਧੂ ਨੇ ਮੁੜ ਆਪਣੀ ਸਰਕਾਰ 'ਤੇ ਚੁੱਕੇ ਸਵਾਲ

ਚੰਡੀਗੜ੍ਹ/ਲੋਕ ਬਾਣੀ : ਸਿੱਧੂ ਨੇ ਇਕ ਵਾਰ ਫਿਰ ਨਸ਼ੇ ਦੇ ਮਾਮਲੇ ਨੂੰ ਲੈ ਕੇ ਆਪਣੀ ਸਰਕਾਰ 'ਤੇ ਸਵਾਲ ਚੁੱਕੇ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਪੰਜਾਬ ਦੀ ਜਨਤਾ ਬੇਸਬਰੀ ਨਾਲ ਐੱਸ.ਟੀ.ਐਫ. ਦੀ ਰਿਪੋਰਟ ਦਾ ਇੰਤਜ਼ਾਰ ਕਰ ਰਹੀ ਹੈ। ਉਨ੍ਹਾਂ ਨੇ ਬਿਕਰਮ ਮਜੀਠੀਆ 'ਤੇ ਵੀ ਨਿਸ਼ਾਨਾ ਸਾਧਿਆ ਤੇ ਕਿਹਾ ਕਿ 2 ਸਤੰਬਰ ਨੂੰ ਹਾਈ ਕੋਰਟ 'ਚ ਐੱਸ.ਟੀ.ਐਫ.ਦੀ ਰਿਪੋਰਟ ਖੁੱਲ੍ਹੇਗੀ ਤੇ ਸੱਚ ਸਾਹਮਣੇ ਆਵੇਗਾ।

ਸੀ.ਆਈ.ਏ. ਸਟਾਫ਼ ਦੀ ਪੁਲਿਸ ਨੇ 100 ਕਰੋੜ ਰੁਪਏ ਦੀ ਲਾਗਤ ਵਾਲੀ 20 ਕਿੱਲੋ ਹੈਰੋਇਨ ਕੀਤੀ ਬਰਾਮਦ

ਕਪੂਰਥਲਾ/ਲੋਕ ਬਾਣੀ : ਢਿੱਲਵਾਂ ਹਾਈ ਟੈੱਕ ਨਾਕੇ ਤੋਂ ਸੀ. ਆਈ. ਏ. ਸਟਾਫ਼ ਦੀ ਪੁਲਿਸ ਨੇ 100 ਕਰੋੜ ਰੁਪਏ ਦੀ ਲਾਗਤ ਵਾਲੀ 20 ਕਿੱਲੋ ਹੈਰੋਇਨ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਐੱਸ.ਐੱਸ.ਪੀ. ਹਰਕਮਲਪ੍ਰੀਤ ਸਿੰਘ ਖੱਖ ਨੇ ਦੱਸਿਆ ਕਿ ਜੇਲ੍ਹ ਵਿਚ ਬੰਦ ਇਕ ਗੈਂਗਸਟਰ ਰਾਹੀਂ ਇਹ ਹੈਰੋਈਨ ਸ੍ਰੀਨਗਰ ਤੋਂ ਇੱਕ ਟਰੱਕ ਵਿਚ ਮੰਗਵਾਈ ਗਈ ਸੀ। ਇਸ ਕੇਸ ਵਿਚ ਚਾਰ ਵਿਅਕਤੀਆਂ ਨੂੰ ਨਾਮਜ਼ਦ ਕੀਤਾ ਗਿਆ ਹੈ ਜਦਕਿ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ।

ਕਿਸਾਨਾਂ ਨੇ ਕੀਤਾ ਭਾਜਪਾ ਦੇ ਸਾਬਕਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਘਿਰਾਓ

ਮੰਡੀ ਲਾਧੂਕਾ/ਲੋਕ ਬਾਣੀ : ਭਾਜਪਾ ਦੇ ਸਾਬਕਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਦਾ ਮੰਡੀ ਲਾਧੂਕਾ ਦੇ ਸ਼ਗਨ ਪੈਲੇਸ ਪਹੁੰਚਣ 'ਤੇ ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵਲੋਂ ਪੈਲੇਸ ਦਾ ਘਿਰਾਓ ਕੀਤਾ ਗਿਆ ਅਤੇ ਭਾਜਪਾ ਦੇ ਸਾਬਕਾ ਮੰਤਰੀ ਨੂੰ ਲੰਬੇ ਸਮੇਂ ਤੱਕ ਪੈਲੇਸ 'ਚ ਨਜ਼ਰਬੰਦ ਰਹਿਣਾ ਪਿਆ। ਉਸ ਤੋਂ ਬਾਅਦ ਜ਼ਿਲ੍ਹਾ ਫ਼ਾਜ਼ਿਲਕਾ ਦੇ ਐੱਸ. ਐੱਸ. ਪੀ. ਮੌਕੇ 'ਤੇ ਪੁੱਜੇ ਤੇ ਭਾਜਪਾ ਦੇ ਸਾਬਕਾ ਸਿਹਤ ਮੰਤਰੀ ਸੁਰਜੀਤ ਕੁਮਾਰ ਜਿਆਣੀ ਨੂੰ ਲੈ ਕੇ ਫ਼ਾਜ਼ਿਲਕਾ ਵੱਲ ਨੂੰ ਰਵਾਨਾ ਹੋ ਗਏ।

ਭਾਰਤ ਪਾਕਿ ਸਰਹੱਦ ਨੇੜਿਓਂ ਸ਼ੱਕੀ ਨੌਜਵਾਨ ਕਾਬੂ

ਅਜਨਾਲਾ/ਲੋਕ ਬਾਣੀ : ਬੀ.ਐੱਸ.ਐੱਫ. ਦੀ 183 ਵਲੋਂ ਅੱਜ ਭਾਰਤ ਪਾਕਿਸਤਾਨ ਦੀ ਸਰਹੱਦੀ ਚੌਕੀ ਧਿਆਨ ਸਿੰਘਪੁਰਾ (ਡੀ.ਐਸ.ਪੁਰਾ) ਨੇੜਿਓਂ ਇਕ ਸ਼ੱਕੀ ਨੌਜਵਾਨ ਨੂੰ ਕਾਬੂ ਕੀਤਾ ਹੈ ਸੂਤਰਾਂ ਤੋਂ ਮਿਲੀ ਜਾਣਕਾਰੀ ਅਨੁਸਾਰ ਅੱਜ ਦੁਪਹਿਰ ਕਰੀਬ 1 ਵਜੇ ਬੀ.ਐਸ.ਐਫ. 183 ਬਟਾਲੀਅਨ ਦੇ ਜਵਾਨਾਂ ਵਲੋਂ ਸਰਹੱਦੀ ਚੌਕੀ ਡੀ.ਐੱਸ.ਪੁਰਾ ਨਜ਼ਦੀਕ ਕੰਡਿਆਲੀ ਤਾਰ ਕੋਲੋ ਇਕ ਸ਼ੱਕੀ ਨੌਜਵਾਨ ਨੂੰ ਕਾਬੂ ਕੀਤਾ ਗਿਆ ਜਾਣਕਾਰੀ ਅਨੁਸਾਰ ਇਸ ਸ਼ੱਕੀ ਨੌਜਵਾਨ ਦੀ ਪਹਿਚਾਣ ਸ਼ਿਵ ਕੁਮਾਰ ਪੁੱਤਰ ਬਜਰੰਗੀ ਬਿਨ ਪਿੰਡ ਸਤਨਾ (ਮੱਧ ਪ੍ਰਦੇਸ਼) ਵਜੋਂ ਹੋਈ ਹੈ।

ਵਿਧਾਇਕ ਮਦਨ ਲਾਲ ਜਲਾਲਪੁਰ ਨੇ ਲਾਭਪਾਤਰੀਆਂ ਨੂੰ ਵੰਡੇ ਵਧੀ ਪੈਨਸ਼ਨ ਦੇ ਚੈੱਕ

ਘਨੌਰ/ਸਰਦਾਰਾ ਸਿੰਘ ਲਾਛੜੂ

ਸਮਾਜਿਕ ਸੁਰੱਖਿਆ ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਸੀਡੀਪੀਓ ਬਲਾਕ ਘਨੌਰ ਐੱਸ ਐੱਸ ਬਾਂਗੜ ਅਗਵਾਈ ਵਿਚ ਮਾਰਕੀਟ ਕਮੇਟੀ ਦਫਤਰ ਘਨੌਰ, ਪਿੰਡ ਚਪੜ, ਮੰਡੌਲੀ ਅਤੇ ਲੋਹਸਿੰਬਲੀ ਵਿਖੇ ਪੈਨਸ਼ਨ ਵੰਡ ਸਮਾਰੋਹ ਕਰਵਾਏ ਗਏ। ਇਸ ਦੌਰਾਨ ਹਲਕਾ ਘਨੌਰ ਦੇ ਵਿਧਾਇਕ ਮਦਨ ਲਾਲ ਜਲਾਲਪੁਰ ਅਤੇ ਉਨ੍ਹਾਂ ਦੇ ਸਪੁੱਤਰ ਜਲ੍ਹਿਾ ਪ੍ਰੀਸ਼ਦ ਮੈਂਬਰ ਗਗਨਦੀਪ ਸਿੰਘ ਜਲਾਲਪੁਰ ਅਤੇ ਜ਼ਿਲ੍ਹਾ ਪ੍ਰਧਾਨ ਗੁਰਦੀਪ ਸਿੰਘ ਊਂਟਸਰ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕਰਦਿਆਂ ਲਾਭਪਾਤਰੀਆਂ ਨੂੰ ਵਧੀ ਪੈਨਸ਼ਨ ਦੇ ਚੈੱਕ ਵੰਡੇ। ਇਸ ਮੌਕੇ ਨਗਰ ਪੰਚਾਇਤ ਘਨੌਰ ਦੇ ਪ੍ਰਧਾਨ ਨਰਪਿੰਦਰ ਸਿੰਘ ਭਿੰਦਾ, ਮਾਰਕੀਟ ਕਮੇਟੀ ਘਨੌਰ ਦੇ ਚੇਅਰਮੈਨ ਬਲਜੀਤ ਸਿੰਘ ਗਿੱਲ, ਬਲਾਕ ਸੰਮਤੀ ਘਨੌਰ ਦੇ ਚੇਅਰਮੈਨ ਜਗਦੀਪ ਸਿੰਘ ਡਿੰਪਲ ਚੱਪੜ, ਬਲਾਕ ਪ੍ਰਧਾਨ ਕੁਲਦੀਪ ਮਾੜੀਆਂ ਵਿਸੇਸ ਤੌਰ ਤੇ ਹਾਜ਼ਰ ਰਹੇ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਮਦਨ ਲਾਲ ਜਲਾਲਪੁਰ ਨੇ ਕਿਹਾ ਕੀ ਅਕਾਲੀ ਭਾਜਪਾ ਸਰਕਾਰ ਨੇ ਆਪਣੇ ਦੱਸ ਸਾਲਾਂ ਦੇ ਕਾਰਜਕਾਲ ਦੌਰਾਨ ਸਿਰਫ਼ 250 ਰੁਪਏ ਤੋਂ ਪੈਨਸ਼ਨ ਨਹੀਂ ਵਧਾਈ। ਜਦੋਂ ਕਿ ਕਾਂਗਰਸ ਸਰਕਾਰ ਨੇ ਬੇਸਹਾਰਿਆਂ ਦਾ ਸਹਾਰਾ ਬਣਦਿਆਂ ਸਰਕਾਰ ਬਣਨ ਸਾਰ ਹੀ ਪੈਨਸ਼ਨ 250 ਤੋਂ ਵਧਾ ਕੇ 500 ਰੁਪਏ ਕੀਤੀ ਤੇ ਫਿਰ ਬਾਅਦ ਵਿੱਚ 750 ਰੁਪਏ ਕੀਤੀ 1 ਜੁਲਾਈ ਤੋਂ 750 ਰੁਪਏ ਤੋਂ ਵਧਾ ਕੇ 1500 ਰੁਪਏ ਕੀਤੀ ਗਈ ਸਮਾਜਿਕ ਸੁਰੱਖਿਆ ਪੈਨਸ਼ਨ ਦੀ ਅਦਾਇਗੀ ਅਗਸਤ ਮਹੀਨੇ ਤੋਂ ਕਰਨ ਲਈ ਵੰਡ ਪ੍ਰਕਿਰਿਆ ਸ਼ੁਰੂ ਕੀਤੀ ਗਈ ਹੈ। ਉਨਾਂ ਦੱਸਿਆ ਕਿ ਸੂਬੇ ਦੇ ਯੋਗ ਪਾਏ ਗਏ 26 ਲੱਖ 21 ਹਜ਼ਾਰ 201 ਲਾਭਪਾਤਰੀਆਂ ਨੂੰ ਪੈਨਸ਼ਨਾਂ ਦੀ ਵੰਡ ਕਰਨ ਲਈ ਸੂਬਾ ਸਰਕਾਰ ਨੇ ਇਸ ਵਿੱਤੀ ਵਰੇ ਦੌਰਾਨ 4000 ਕਰੋੜ ਰੁਪਏ ਦਾ ਬਜਟ ਰਾਖਵਾਂ ਰੱਖਿਆ ਹੈ।ਜ਼ਿਕਰਯੋਗ ਹੈ ਕਿ ਮਾਸਿਕ ਪੈਨਸ਼ਨ 750 ਰੁਪਏ ਤੋਂ ਵਧਾ ਕੇ 1500 ਰੁਪਏ (ਦੁੱਗਣੀ) ਕਰਨ ਦੇ ਮੱਦੇਨਜ਼ਰ 2021-22 ਦੌਰਾਨ 4,000 ਕਰੋੜ ਰੁਪਏ ਦਾ ਬਜਟ ਅਲਾਟ ਕੀਤਾ ਗਿਆ ਹੈ, ਜੋ ਸਾਲ 2020-21 ਦੇ 2,320 ਕਰੋੜ ਰੁਪਏ ਦੇ ਬਜਟਰੀ ਖਰਚਿਆਂ ਦੇ ਮੁਕਾਬਲੇ 72 ਫੀਸਦੀ ਵੱਧ ਹੈ। ਉਨਾਂ ਦੱਸਿਆ ਕਿ ਸੂਬੇ ਦੇ ਸਾਰੇ ਜ਼ਿਲਿਆਂ ਦੇ 17,64,909 ਬਜ਼ੁਰਗਾਂ, 4,90,539 ਵਿਧਵਾਵਾਂ ਅਤੇ ਬੇਸਹਾਰਾ ਔਰਤਾਂ, 2,09,110 ਦਿਵਿਆਂਗ ਵਿਅਕਤੀਆਂ ਅਤੇ 1,56,643 ਆਸ਼ਰਿਤ ਬੱਚਿਆਂ ਨੂੰ ਦੁੱਗਣੀ ਪੈਨਸ਼ਨ ਦਾ ਲਾਭ ਮਿਲੇਗਾ। ਇਸ ਮੌਕੇ ਬਲਾਕ ਸੰਮਤੀ ਮੈਂਬਰ ਵਿਜੇ ਨੰਦਾ ਮਡੌਲੀ ਰਜੇਸ਼ ਦਾ ਮੰਡੋਲੀ ਬਲਾਕ ਸੰਮਤੀ ਮੈਂਬਰ ਰਣਧੀਰ ਸਿੰਘ ਕਾਮੀ, ਸਰਪੰਚ ਦਰਸ਼ਨ ਸਿੰਘ ਮੰਡੌਲੀ, ਸਰਪੰਚ ਮਨਜੀਤ ਸਿੰਘ ਚੱਪੜ ਸਰਪੰਚ ਸੋਹਣ ਸਿੰਘ ਲੋਹ ਸਿੰਬਲੀ,ਅਕਸ਼ੈ ਲੋਹਸਿੰਬਲੀ, ਲਵਲੀ ਗੋਇਲ, ਗੁਰਨਾਮ ਬਦੇਸ਼ਾ, ਮੁਸ਼ਤਾਕ ਅਲੀ ਜੱਸੀ ਘਨੌਰ, ਸੰਜੂ ਸਿੰਗਲਾ ਸਾਰੇ ਐਮਸੀ ਘਨੌਰ, ਗੁਰਬਚਨ ਸਿੰਘ ਪ੍ਰਧਾਨ ਕੋਪਰੇਟਿਵ ਸੁਸਾਇਟੀ ਅਤੇ ਪ੍ਰਿੰਸੀਪਲ ਪਰਵਿੰਦਰ ਕੌਰ ਲੋਹਸਿੰਬਲੀ ਸਮੇਤ ਹੋਰ ਵੀ ਹਾਜ਼ਰ ਸਨ।

1500 ਰੁਪਏ ਪੈਨਸ਼ਨ ਕਰ ਕਾਂਗਰਸ ਸਰਕਾਰ ਬਣੀ ਬੇਸਹਾਰਿਆਂ ਦਾ ਸਹਾਰਾ : ਜਲਾਲਪੁਰ

ਸ਼ਿਵਕੁਟੀ ਮੰਦਿਰ ਵਿਖੇ ਬਹੁਤ ਧੂਮਧਾਮ ਨਾਲ ਮਨਾਈ ਜਨਮ ਅਸ਼ਟਮੀ : ਪ੍ਰਮੋਦ ਅਵਸਥੀ

ਸੁਨਾਮ/ਵਰਮਾ

ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦਾ ਤਿਉਹਾਰ ਸ਼ਿਵਕੁਟੀ ਮੰਦਿਰ ਵਿਖੇ ਬਹੁਤ ਧੂਮਧਾਮ ਅਤੇ ਸ਼ਰਧਾ ਨਾਲ ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਸ਼ਿਵਕੁਟੀ ਮੰਦਿਰ ਪ੍ਰਧਾਨ ਪ੍ਰਮੋਦ ਕੁਮਾਰ ਅਵਸਥੀ ਨੇ ਦੱਸਿਆ ਕਿ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਮੌਕੇ ਮੰਦਰ ਵਿਚ ਝੂਲਾ ਪਾ ਕੇ ਸ਼੍ਰੀ ਕ੍ਰਿਸ਼ਨ ਭਗਵਾਨ ਜੀ ਨੂੰ ਝੂਲਾ ਝੁਲਾਇਆ ਗਿਆ। ਇਸ ਮੌਕੇ ਸ਼ਰਧਾਲੂਆਂ ਨੇ ਸ਼੍ਰੀ ਕ੍ਰਿਸ਼ਨ ਜੀ ਦੇ ਬਾਲ ਸਵਰੂਪ ਦੀ ਪੂਜਾ ਕੀਤੀ ਅਤੇ ਉਨ੍ਹਾਂ ਦਾ ਅਸ਼ੀਰਵਾਦ ਲਿਆ। ਸ਼੍ਰੀ ਕ੍ਰਿਸ਼ਨ ਜਨਮਅਸ਼ਟਮੀ ਕਾਰਨ ਸਵੇਰ ਤੋਂ ਹੀ ਮੰਦਿਰ ਵਿਚ ਪੂਜਾ ਕਰਨ ਵਾਲੇ ਸ਼ਰਧਾਲੂਆਂ ਦੀ ਭੀੜ ਲੱਗੀ ਰਹੀ। ਪ੍ਰਮੋਦ ਅਵਸਥੀ ਨੇ ਦੱਸਿਆ ਕਿ ਲਈ ਸ਼੍ਰੀ ਕ੍ਰਿਸ਼ਨ ਜੀ ਨੇ ਧਰਤੀ ਤੋਂ ਪਾਪ ਨੂੰ ਖਤਮ ਕਰਨ ਜਿਸ ਦਿਨ ਧਰਤੀ ਤੇ ਅਵਤਾਰ ਲਿਆ ਸੀ, ਉਸ ਦਿਨ ਨੂੰ ਜਨਮ ਅਸ਼ਟਮੀ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਸ ਮੌਕੇ ਡਾ ਅਸ਼ਵਨੀ ਸ਼ਰਮਾ, ਡਾ ਦਿਨੇਸ਼ ਸ਼ਰਮਾ, ਮਾਸਟਰ ਭੂਸ਼ਣ ਸ਼ਰਮਾ, ਜੱਗੀ ਸ਼ਰਮਾ, ਗੋਬਿੰਦਰਾਮ ਸ਼ਰਮਾ, ਪੰਡਤ ਲਕਸ਼ਮਣ ਸ਼ਰਮਾ, ਪੰਡਤ ਨੰਦ ਰਾਮ ਸ਼ਰਮਾ ਆਦਿ ਵੀ ਮੌਜੂਦ ਸਨ।

ਬੀ.ਡੀ.ਪੀ.ਓ. ਦਫਤਰ ਨਕੋਦਰ ਤੇ ਸ਼ਾਹਕੋਟ ਵਿਖੇ ਅੱਜ ਲਗਾਏ ਜਾਣਗੇ ਰੋਜ਼ਗਾਰ ਮੇਲੇ

ਜਲੰਧਰ/ਹਰਬੰਸ ਬਿੱਟੂ

ਪੰਜਾਬ ਸਰਕਾਰ ਦੇ 'ਘਰ-ਘਰ ਰੋਜ਼ਗਾਰ ਮਿਸ਼ਨ' ਤਹਿਤ ਜ਼ਿਲ੍ਹਾ ਜਲੰਧਰ ਦੇ ਵੱਧ ਤੋਂ ਵੱਧ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਵੱਲੋਂ 1 ਸਤੰਬਰ 2021 ਨੂੰ ਬੀ.ਡੀ.ਪੀ.ਓ. ਦਫਤਰ ਨਕੋਦਰ ਅਤੇ ਬੀ.ਡੀ.ਪੀ.ਓ. ਦਫਤਰ ਸ਼ਾਹਕੋਟ ਵਿਖੇ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਸੀ.ਈ.ਓ. ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਸ਼੍ਰੀ ਜਸਪ੍ਰੀਤ ਸਿੰਘ ਨੇ ਦੱਸਿਆ ਕਿ ਬੀ.ਡੀ.ਪੀ.ਓ. ਦਫਤਰ ਨਕੋਦਰ ਵਿਖੇ ਲਗਾਏ ਜਾ ਰਹੇ ਰੋਜ਼ਗਾਰ ਮੇਲੇ ਵਿੱਚ ਪੁਖਰਾਜ ਹੈਲਥ ਕੇਅਰ, ਐਲ.ਆਈ.ਸੀ., ਸਟਾਰ ਹੈਲਥ ਇੰਸ਼ੋਰੈਂਸ, ਹਰਬਲਾਈਫ ਹੈਲਥ ਕੇਅਰ, ਆਈ.ਸੀ.ਆਈ.ਸੀ.ਆਈ. ਪਰੂਡੈਂਸ਼ੀਅਲ ਅਤੇ ਫਿਊਚਰ ਜਨਰਲੀ ਸਮੇਤ 6 ਕੰਪਨੀਆਂ ਬੇਰੋਜ਼ਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਪੁੱਜਣਗੀਆਂ ਜਦਕਿ ਬੀ.ਡੀ.ਪੀ.ਓ. ਦਫਤਰ ਸ਼ਾਹਕੋਟ ਵਿਖੇ ਲਗਾਏ ਜਾ ਰਹੇ ਰੋਜ਼ਗਾਰ ਮੇਲੇ ਵਿੱਚ ਏ-ਵਨ ਇੰਟਰਨੈਸ਼ਨਲ, ਏਜਾਲੀਲ ਹਰਬਲ, ਪੁਖਰਾਜ ਹੈਲਥ ਕੇਅਰ, ਐਲ.ਆਈ.ਸੀ., ਸਟਾਰ ਹੈਲਥ ਇੰਸ਼ੋਰੈਂਸ, ਫਿਊਚਰ ਜਨਰਲੀ ਅਤੇ ਹੈਲਥ ਹਰਬਲ ਸਮੇਤ 7 ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਨੌਜਵਾਨਾਂ ਨੂੰ ਰੋਜ਼ਗਾਰ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਕੀਤੀ ਅਪੀਲ

ਉਨ੍ਹਾਂ ਦੱਸਿਆ ਕਿ ਇਨ੍ਹਾਂ ਰੋਜ਼ਗਾਰ ਮੇਲਿਆਂ ਵਿੱਚ ਦੱਸਵੀਂ, ਬਾਰ੍ਹਵੀਂ ਅਤੇ ਗ੍ਰੈਜੂਏਸ਼ਨ ਵਿੱਦਿਅਕ ਯੋਗਤਾ ਰੱਖਣ ਵਾਲੇ ਨੌਜਵਾਨ ਰੋਜ਼ਗਾਰ ਹਿੱਤ ਹਿੱਸਾ ਲੈ ਸਕਦੇ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਘਰ-ਘਰ ਰੋਜ਼ਗਾਰ ਮਿਸ਼ਨ ਤਹਿਤ ਲਗਾਏ ਜਾ ਰਹੇ ਰੋਜਗਾਰ ਮੇਲੇ ਜਲ੍ਹਿੇ ਦੇ ਨੌਜਵਾਨਾਂ ਲਈ ਰੋਜਗਾਰ ਦੇ ਨਵੇਂ ਰਾਹ ਖੋਲ੍ਹਣ ਵਿੱਚ ਸਹਾਇਕ ਸਾਬਤ ਹੋਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ ਰੋਜ਼ਗਾਰ ਮੇਲਿਆਂ ਵਿੱਚ ਯੋਗ ਉਮੀਦਵਾਰਾਂ ਦੀ ਚੋਣ ਨਿਰਪੱਖ ਅਤੇ ਪਾਰਦਰਸੀ ਪ੍ਰਣਾਲੀ ਰਾਹੀਂ ਨਿਰੋਲ ਮੈਰਿਟ ਦੇ ਆਧਾਰ 'ਤੇ ਕੀਤੀ ਜਾਵੇਗੀ।

ਵਧੀਕ ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਰੋਜ਼ਗਾਰ ਮੇਲਿਆਂ ਦੌਰਾਨ ਕੋਵਿਡ-19 ਮਹਾਂਮਾਰੀ ਨਾਲ ਸਬੰਧਤ ਸਮੁੱਚੀਆਂ ਹਦਾਇਤਾਂ ਤੇ ਸ਼ਰਤਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕੀਤੀ ਜਾਵੇਗੀ। ਉਮੀਦਵਾਰਾਂ ਦੀ ਥਰਮਲ ਸਕੈਨਿੰਗ ਤੋਂ ਲੈ ਕੇ ਸੈਨੀਟੇਸ਼ਨ, ਸਮਾਜਿਕ ਦੂਰੀ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਉਨ੍ਹਾਂ ਨੌਜਵਾਨਾਂ ਨੂੰ ਇਨ੍ਹਾਂ ਰੋਜ਼ਗਾਰ ਮੇਲਿਆਂ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕਰਦਿਆਂ ਕਿਹਾ ਕਿ ਨੌਜਵਾਨ ਵਧੇਰੇ ਨੌਕਰੀਆਂ ਲਈ ਵਿਭਾਗ ਦੀ ਵੈਬਸਾਈਟ 'ਤੇ ਰਜਿਸਟਰ ਕਰ ਸਕਦੇ ਹਨ ਅਤੇ ਹੋਰ ਜਾਣਕਾਰੀ ਲਈ ਦਫਤਰ ਦੇ ਹੈਲਪ ਲਾਈਨ ਨੰਬਰ 90569-20100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਗੁਰੂ ਕਾਸ਼ੀ ਗੁਰਮਤਿ ਵਿਦਿਆਲਾ ਵਿੱਚ ਕਰਵਾਇਆ ਧਾਰਮਿਕ ਸਮਾਗਮ

ਤਲਵੰਡੀ ਸਾਬੋ/ਗੁਰਜੰਟ ਸਿੰਘ ਨਥੇਹਾ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ ਗੁਰੂ ਕਾਸ਼ੀ ਗੁਰਮਤਿ ਇੰਸਟੀਚਿਊਟ ਦਮਦਮਾ ਸਾਹਿਬ ਵਿਖੇ ਅੱਜ ਇੱਕ ਧਾਰਮਿਕ ਸਮਾਗਮ ਕਰਵਾਇਆ ਗਿਆ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤਾ ਦਿਵਸ ਨੂੰ ਸਮਰਪਿਤ ਕੀਤਾ ਗਿਆ। ਸਮਾਗਮ ਵਿੱਚ ਧਾਰਮਿਕ ਸਖਸ਼ੀਅਤਾਂ ਤੋਂ ਇਲਾਵਾ ਵਿਦਿਆਲਾ ਦੇ ਵਿਦਿਆਰਥੀਆਂ ਨੇ ਵੀ ਸ਼ਮੂਲੀਅਤ ਕੀਤੀ। ਸਭ ਤੋਂ ਪਹਿਲਾਂ ਤਾਂ ਅੱਜ ਜੁਗੋ ਜੁਗ ਅਟੱਲ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਦਾ ਪ੍ਰਕਾਸ਼ ਵਿਦਿਆਲਾ ਵਿੱਚ ਬਣਾਏ ਗਏ ਨਵੇਂ ਹਾਲ ਵਿੱਚ ਕੀਤਾ ਗਿਆ।ਇਸ ਮੌਕੇ ਭਾਈ ਅੰਮ੍ਰਿਤਪਾਲ ਸਿੰਘ, ਭਾਈ ਵਰਿੰਦਰ ਸਿੰਘ ਅਤੇ ਭਾਈ ਸਿਮਰਨਜੀਤ ਸਿੰਘ ਦੇ ਰਾਗੀ ਜਥਿਆਂ ਵੱਲੋਂ ਸ਼ਬਦ ਕੀਰਤਨ ਨਾਲ ਹਾਜ਼ਿਰ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਉਪਰੰਤ ਉੱਘੇ ਪ੍ਰਚਾਰਕ ਭਾਈ ਸਰਬਜੀਤ ਸਿੰਘ ਢੋਟੀਆਂ, ਗਿਆਨੀ ਗੁਰਜੰਟ ਸਿੰਘ ਹੈੱਡ ਗ੍ਰੰਥੀ ਤਖਤ ਸ੍ਰੀ ਦਮਦਮਾ ਸਾਹਿਬ, ਭਾਈ ਭੋਲਾ ਸਿੰਘ ਇੰਚਾਰਜ ਧਰਮ ਪ੍ਰਚਾਰ ਸਬ ਆਫਿਸ ਅਤੇ ਸ੍ਰ. ਸੁਖਰਾਜ ਸਿੰਘ ਸੰਦੋਹਾ ਨੇ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ। ਸਮਾਗਮ ਵਿੱਚ ਪੁੱਜੇ ਸ਼੍ਰੋਮਣੀ ਕਮੇਟੀ ਮੈਂਬਰ ਭਾਈ ਮੋਹਣ ਸਿੰਘ ਬੰਗੀ ਨੇ ਗਰਮਤਿ ਵਿਦਿਆਲਾ ਦੇ ਪ੍ਰਬੰਧਕਾਂ ਵੱਲੋਂ ਸਮੇਂ ਸਮੇਂ ਕੀਤੇ ਜਾਂਦੇ ਧਾਰਮਿਕ ਪ੍ਰੋਗਰਾਮਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਪ੍ਰੋਗਰਾਮ ਅਜੋਕੀ ਨੌਜਵਾਨ ਪੀੜੀ ਨੂੰ ਆਪਣੇ ਧਾਰਮਿਕ ਵਿਰਸੇ ਨਾਲ ਜੋੜਨ ਦਾ ਕੰਮ ਕਰਦੇ ਹਨ। ਸਮਾਗਮ ਦੇ ਅੰਤ ਵਿੱਚ ਕਾਲਜ ਦੇ ਪ੍ਰਿੰਸੀਪਲ ਭਾਈ ਰਵਿੰਦਰ ਸਿੰਘ ਖਾਲਸਾ ਨੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪੂਰਨਤ ਦਿਵਸ ਦੀਆਂ ਵਧਾਈਆਂ ਦਿੰਦਿਆਂ ਯਕੀਨ ਦਵਾਇਆ ਕਿ ਵਿਦਿਆਲਾ ਅੱਗੇ ਵੀ ਅਜਿਹੇ ਧਾਰਮਿਕ ਸਮਾਗਮ ਕਰਵਾਂਉਦਾ ਰਹੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਪਰਮਜੀਤ ਸਿੰਘ ਮੈਨੇਜਰ ਤਖਤ ਸ੍ਰੀ ਦਮਦਮਾ ਸਾਹਿਬ, ਬਲਕਾਰ ਸਿੰਘ, ਠਾਣਾ ਸਿੰਘ ਸਮੇਤ ਵਿਦਿਆਲਾ ਦਾ ਸਮੂਹ ਸਟਾਫ ਅਤੇ ਵਿਦਿਆਰਥੀ ਹਾਜ਼ਿਰ ਸਨ।

ਸ਼੍ਰੀ ਕ੍ਰਿਸ਼ਨ ਜਨਮਸ਼ਟਮੀ ਦੇ ਸ਼ੁੱਭ ਦਿਹਾੜੇ ’ਤੇ ਵਿਧਾਇਕ ਡਾ: ਹਰਜੋਤ ਕਮਲ ਮੋਗਾ ਦੇ ਵੱਖ ਵੱਖ 13 ਮੰਦਿਰਾਂ ਵਿਚ ਹੋਏ ਨਤਮਸਤਕ, ਸਮੁੱਚੀ ਕਾਇਨਾਤ ਦੀ ਮੰਗੀ ਸੁੱਖ

ਮੋਗਾ/ਲੋਕ ਬਾਣੀ

ਸ਼੍ਰੀ ਕ੍ਰਿਸ਼ਨ ਜਨਮਸ਼ਟਮੀ ਦੇ ਸ਼ੁੱਭ ਦਿਹਾੜੇ ’ਤੇ ਵਿਧਾਇਕ ਡਾ: ਹਰਜੋਤ ਕਮਲ ਨੇ ਮੋਗਾ ਦੇ ਵੱਖ ਵੱਖ 13 ਮੰਦਿਰਾਂ ਵਿਚ ਨਤਮਸਤਕ ਹੁੰਦਿਆਂ ਸਮੁੱਚੀ ਕਾਇਨਾਤ ਦੀ ਸੁੱਖ ਮੰਗੀ । ਉਹਨਾਂ ਮੋਗਾ ਸ਼ਹਿਰ ਦੇ ਸ਼ਿਵ ਮੰਦਿਰ, ਬਾਬਾ ਬਾਲਕ ਨਾਥ ਮੰਦਿਰ, ਕ੍ਰਿਸ਼ਨਾ ਮੰਦਿਰ, ਮੰਦਿਰ ਤਾਂਗੇ ਵਾਲੀ ਗਲੀ, ਭਾਰਤ ਮਾਤਾ ਮੰਦਿਰ, ਸ਼ਿਵਾਲਾ ਮੰਦਿਰ, ਗੀਤਾ ਭਵਨ ਮੰਦਿਰ, ਰਾਧਾ ਬਾਲਾ ਮੰਦਿਰ (ਦੱਤ ਰੋਡ), ਰਾਧਾ ਕ੍ਰਿਸ਼ਨ ਮੰਦਿਰ (ਫਰੈਂਡਜ ਕਲੋਨੀ), ਗੋਪਾਲ ਗਊਸ਼ਾਲਾ, ਅਪਾਹਿਜ ਗਊਸ਼ਾਲਾ, ਪੁਰਾਣਾ ਬਜ਼ਾਰ ਮੰਦਿਰ, ਪਾਠਸ਼ਾਲਾ ਮੰਦਿਰਾਂ ‘ਚ ਮੱਥਾ ਟੇਕਿਆ ਅਤੇ ਉੱਥੇ ਮੌਜੂਦ ਸੰਗਤਾ ਨੂੰ ਕ੍ਰਿਸ਼ਨ ਜਨਮਸ਼ਟਮੀਂ ਦੀਆਂ ਵਧਾਈਆਂ ਦਿੱਤੀਆਂ। ਇਸ ਮੌਕੇ ਉਹਨਾਂ ਸਰਬੱਤ ਦੇ ਭਲੇ ਦੀ ਅਰਦਾਸ ਕਰਦਿਆਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੂੰ ਸਭ ‘ਤੇ ਆਪਣਾ ਮੇਹਰ ਭਰਿਆ ਹੱਥ ਬਣਾਈ ਰੱਖਣ ਦੀ ਅਰਜੋਈ ਕੀਤੀ।

ਇਸ ਮੌਕੇ ਉਹਨਾਂ ਨਾਲ ਮੋਗਾ ਕਾਂਗਰਸ ਦੇ ਸਿਟੀ ਪ੍ਰਧਾਨ ਜਤਿੰਦਰ ਅਰੋੜਾ, ਮੇਅਰ ਨੀਤਿਕਾ ਭੱਲਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਕੁਮਾਰ ਪੀਨਾ, ਚੇਅਰਮੈਨ ਦੀਸ਼ਾ ਬਰਾੜ, ਸਾਬਕਾ ਕੌਂਸਲਰ ਗੁਰਮਿੰਦਰਜੀਤ ਸਿੰਘ ਬਬਲੂ, ਸਰਪੰਚ ਜਗਵੀਨ ਸਿੰਘ ਮੀਨਾ, ਐਡਵੋਕੇਟ ਬੋਧਰਾਜ ਮਜੀਠੀਆ, ਕੌਂਸਲਰ ਸਾਹਿਲ ਅਰੋੜਾ, ਵਿਨੋਦ ਸ਼ਰਮਾ, ਸੰਜੀਵ ਅਰੋੜਾ, ਦੀਪਕ ਭੱਲਾ, ਅਨਮੋਲ ਸ਼ਰਮਾ ਅਤੇ ਗੌਰਵ ਗਰਗ ਤੋਂ ਇਲਾਵਾ ਵੱਡੀ ਗਿਣਤੀ ਵਿਚ ‘ਟੀਮ ਹਰਜੋਤ ’ ਦੇ ਮੈਂਬਰ ਹਾਜ਼ਰ ਸਨ।

ਵੱਖ ਵੱਖ ਮੰਦਿਰਾਂ ‘ਚ ਨਤਮਸਤਕ ਹੋਣ ਉਪਰੰਤ ਵਿਧਾਇਕ ਡਾ: ਹਰਜੋਤ ਕਮਲ ਨੇ ਆਖਿਆ ਕਿ ਉਹ ਆਪਣੇ ਆਪ ਨੂੰ ਵੱਡਭਾਗਾ ਸਮਝਦੇ ਹਨ ਕਿ ਜਨਮਸ਼ਟਮੀ ਦੇ ਪਵਿੱਤਰ ਤਿਓਹਾਰ ਮੌਕੇ ਉਹਨਾਂ ਨੂੰ ਸ਼ਹਿਰ ਦੇ ਵੱਖ ਵੱਖ ਮੰਦਿਰਾਂ ਵਿਚ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਸੰਗਤਾਂ ਦੇ ਦਰਸ਼ਨ ਕੀਤੇ ਹਨ। ਉਹਨਾਂ ਆਖਿਆ ਕਿ ਉਹਨਾਂ ਪ੍ਰਮਾਤਮਾ ਤੋਂ ਤੰਦਰੁਸਦੀ ਅਤੇ ਚੜ ਦੀ ਕਲਾ ਰੱਖਣ ਦੀ ਅਰਜੋਈ ਕੀਤੀ ਤਾਂ ਕਿ ਉਹ ਹੋਰ ਦ੍ਰਿੜ ਹੋ ਕੇ ਮੋਗਾ ਵਾਸੀਆਂ ਦੀ ਸੇਵਾ ਕਰ ਸਕਣ।

ਜ਼ਿਲ੍ਹਾ ਲੁਧਿਆਣਾ ਵਿੱਚ ਅੱਜ ਫੇਰ 6393 ਸੈਂਪਲ ਲਏ - ਮਰੀਜ਼ਾਂ ਦੇ ਠੀਕ ਹੋਣ ਦੀ ਦਰ 97.59% ਹੋਈ

ਲੁਧਿਆਣਾ/ਕਰਨ ਅਗਰਵਾਲ

ਪੰਜਾਬ ਸਰਕਾਰ ਵੱਲੋਂ ਕਰੋਨਾ ਮਹਾਂਮਾਰੀ ਨੂੰ ਫੈਲਣ ਤੋਂ ਰੋਕਣ ਲਈ ਸ਼ੁਰੂ ਕੀਤੇ ਗਏ ਉਪਰਾਲਿਆਂ ਤਹਿਤ ਅੱਜ ਜ਼ਿਲ੍ਹਾ ਲੁਧਿਆਣਾ ਵਿੱਚ ਇੱਕ ਦਿਨ ਵਿੱਚ ਸ਼ੱਕੀ ਮਰੀਜ਼ਾਂ ਦੇ 6393 ਸੈਂਪਲ ਲਏ ਗਏ।

ਡਿਪਟੀ ਕਮਿਸ਼ਨਰ ਲੁਧਿਆਣਾ ਸ੍ਰੀ ਵਰਿੰਦਰ ਕੁਮਾਰ ਸ਼ਰਮਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ ਕੁੱਲ 87466 ਮਰੀਜ਼ਾਂ ਵਿਚੋਂ 97.59% (85355 ਕੋਵਿਡ ਪੋਜ਼ਟਿਵ ਮਰੀਜ਼) ਪੂਰੀ ਤਰ੍ਹਾਂ ਠੀਕ ਹੋ ਚੁੱਕੇ ਹਨ ਜਦਕਿ ਕੁਝ ਹੋਰ ਸਰਕਾਰੀ ਅਤੇ ਨਿੱਜੀ ਹਸਪਤਾਲਾਂ ਵਿੱਚ ਇਲਾਜ ਅਧੀਨ ਹਨ।

ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਅਤੇ ਸਿਹਤ ਵਿਭਾਗ ਵੱਲੋਂ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜਦੋਂ ਵੀ ਕੋਈ ਵਿਅਕਤੀ ਦੇ ਕੋਵਿਡ-19 ਦੇ ਪੀੜਤ ਜਾਂ ਸ਼ੱਕੀ ਲੱਗਦਾ ਹੈ ਤਾਂ ਤੁਰੰਤ ਉਸ ਦੇ ਸੈਂਪਲ ਜਾਂਚ ਲਈ ਭੇਜੇ ਜਾਂਦੇ ਹਨ। ਇਸੇ ਤਰ੍ਹਾਂ ਅੱਜ ਵੀ 6393 ਸ਼ੱਕੀ ਵਿਅਕਤੀਆਂ ਦੇ ਨਮੂਨੇ ਜਾਂਚ ਲਈ ਭੇਜੇ ਗਏ ਹਨ ਅਤੇ ਜਲਦ ਹੀ ਉਨ੍ਹਾਂ ਦੇ ਨਤੀਜੇ ਮਿਲਣ ਦੀ ਉਮੀਦ ਹੈ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਸਮੇਂ ਜ਼ਿਲ੍ਹੇ ਵਿੱਚ 14 ਪੋਜ਼ਟਿਵ ਮਰੀਜ਼ ਹਨ। ਜ਼ਿਲ੍ਹੇ ਵਿੱਚ ਹੁਣ ਤੱਕ ਤੰਦਰੁਸਤ ਹੋਏ ਮਰੀਜ਼ਾਂ ਦੀ ਸੰਖਿਆ 85355 ਹੋ ਗਈ ਹੈ।

ਉਨ੍ਹਾਂ ਕਿਹਾ ਕਿ ਕੋਵਿਡ-19 ਤੋਂ ਲੋਕਾਂ ਨੂੰ ਸੁਰੱਖਿਅਤ ਰੱਖਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਿਛਲੇ 24 ਘੰਟਿਆਂ ਦੌਰਾਨ ਕੁਲ 4 ਮਰੀਜ਼ (3 ਜ਼ਿਲ੍ਹਾ ਲੁਧਿਆਣਾ ਤੋਂ ਨਵੇਂ ਮਰੀਜ਼ ਅਤੇ 1 ਬਾਹਰਲੇ ਰਾਜ/ਜ਼ਿਲ੍ਹੇ ਨਾਲ ਸਬੰਧਤ ਹੈ) ਪੋਜ਼ਟਿਵ ਪਾਏ ਗਏ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੁੱਲ 2278923 ਨਮੂਨੇ ਲਏ ਗਏ ਹਨ, ਜਿਨ੍ਹਾਂ ਵਿਚੋਂ 2179799 ਨਮੂਨੇ ਨੈਗਟਿਵ ਪਾਏ ਗਏ ਹਨ। ਉਨ੍ਹਾਂ ਦੱਸਿਆ ਕਿ ਹੁਣ ਲੁਧਿਆਣਾ ਨਾਲ ਸਬੰਧਤ ਕੁਲ ਮਰੀਜ਼ਾਂ ਦੀ ਗਿਣਤੀ 87466 ਹੈ, ਜਦਕਿ 11658 ਮਰੀਜ਼ ਦੂਜੇ ਜ਼ਿਲ੍ਹਿਆਂ/ਰਾਜਾਂ ਨਾਲ ਸਬੰਧਤ ਹਨ।

ਉਨ੍ਹਾਂ ਕਿਹਾ ਕਿ ਹੁਣ ਤੱਕ ਕੋਰੋਨਾ ਤੋਂ ਪੀੜਤ ਮਰੀਜ਼ਾਂ ਦੀ ਮੌਤ ਦੀ ਕੁੱਲ ਗਿਣਤੀ ਲੁਧਿਆਣਾ ਤੋਂ 2097 ਅਤੇ 1049 ਦੂਜੇ ਜ਼ਿਲ੍ਹਿਆਂ ਨਾਲ ਸਬੰਧਤ ਹਨ।

ਸ੍ਰੀ ਸ਼ਰਮਾ ਨੇ ਵਸਨੀਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਹਦਾਇਤਾਂ ਦੀ ਪਾਲਣਾ ਕਰਨ, ਜਿਸ ਨਾਲ ਉਹ ਨਾ ਸਿਰਫ ਆਪ ਸੁਰੱਖਿਅਤ ਰਹਿਣਗੇ, ਬਲਕਿ ਹਰ ਕਿਸੇ ਨੂੰ ਸੁਰੱਖਿਅਤ ਰੱਖਣ ਵਿੱਚ ਵੀ ਯੋਗਦਾਨ ਪਾਉਣਗੇ।

ਸਾਹਨੇਵਾਲ ਹਲਕੇ ਦੇ 16 ਪਿੰਡਾਂ ’ਚ ਨੌਜਵਾਨਾਂ ਨੂੰ ਵੰਡੀਆਂ ਖੇਡ ਕਿੱਟਾਂ

ਸਾਹਨੇਵਾਲ/ਲੁਧਿਆਣਾ/ਕਰਨ ਅਗਰਵਾਲ

ਪੰਜਾਬ ਯੂਥ ਡਿਵੈਲਪਮੈਂਟ ਬੋਰਡ (ਪੀ.ਵਾਈ.ਡੀ.ਬੀ.) ਦੇ ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਵੱਲੋਂ ਅੱਜ ਸਾਹਨੇਵਾਲ ਹਲਕੇ ਦੇ 16 ਪਿੰਡਾਂ ਦੇ ਨੌਜਵਾਨਾਂ ਵਿੱਚ ਖੇਡ ਕਿੱਟਾਂ ਵੰਡੀਆਂ।

ਖੇਡ ਕਿੱਟਾਂ ਬਲੀਏਵਾਲ, ਮਿਆਣੀ, ਰਤਨਗੜ੍ਹ, ਫਤਿਹਗੜ੍ਹ ਜੱਟਾਂ, ਫਤਿਹਗੜ੍ਹ ਗੁੱਜਰਾਂ, ਜਿਓਣੇਵਾਲ, ਬੂਥਗੜ੍ਹ, ਕਾਲਸਾ ਕਲਾਂ, ਕਾਲਸਾ ਖੁਰਦ, ਹਾਦੀਵਾਲ, ਸੱਤੇਆਣਾ, ਭੂਪਨਾ ਘੁਮਾਣਾ, ਮਹਿਲ ਘੁਮਾਣਾ, ਖਾਨਪੁਰ ਅਤੇ ਬਹਾਦਰਪੁਰ ਦੇ ਨੌਜਵਾਨਾਂ ਨੂੰ ਸੌਂਪੀਆਂ ਗਈਆਂ. ਸ੍ਰੀ ਬਿੰਦਰਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਕੈਪਟਨ ਸਰਕਾਰ ਸੂਬੇ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਕਿਉਂਕਿ ਇਹ ਨੌਜਵਾਨਾਂ ਵਿੱਚ ਖੇਡ ਕਿੱਟਾਂ ਵੰਡ ਕੇ ਨਸ਼ਿਆਂ ਦੇ ਕੋਹੜ ਨੂੰ ਖ਼ਤਮ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਸਕਦੀਆਂ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਪਹਿਲਾਂ ਹੀ ਮੁਫਤ ਖੇਡ ਕਿੱਟਾਂ ਵੰਡਣ, ਟੂਰਨਾਮੈਂਟ ਆਯੋਜਿਤ ਕਰਨ, ਖਿਡਾਰੀਆਂ ਨੂੰ ਪੌਸ਼ਟਿਕ ਆਹਾਰ ਮੁਹੱਈਆ ਕਰਵਾਉਣ, ਕੋਚਾਂ ਦੀ ਨਿਯੁਕਤੀ ਅਤੇ ਬੁਨਿਆਦੀ ਢਾਂਚਾ ਉਸਾਰ ਕੇ ਪੰਜਾਬ ਭਰ ਵਿੱਚ ਖੇਡਾਂ ਨੂੰ ਉਤਸ਼ਾਹਤ ਕਰਨ ਵੱਡੇ ਪੱਧਰ ‘ਤੇ ਉਪਰਾਲੇ ਕਰ ਰਹੀ ਹੈ।

ਉਨ੍ਹਾਂ ਨੌਜਵਾਨਾਂ ਨੂੰ ਅੱਗੇ ਆਉਣ ਅਤੇ ਪੰਜਾਬ ਨੂੰ ਦੇਸ਼ ਦਾ ਮੋਹਰੀ ਦਰਜਾ ਦੇਣ ਵਾਲਾ ਸੂਬਾ ਬਣਾਉਣ ਲਈ ਸੂਬਾ ਸਰਕਾਰ ਦਾ ਸਮਰਥਨ ਕਰਨ ਦਾ ਸੱਦਾ ਦਿੱਤਾ।

ਪੰਜਾਬ ਸਰਕਾਰ ਸਾਰੇ ਲਾਭਪਾਤਰੀਆਂ ਦੇ ਟੀਕਾਕਰਨ ਲਈ ਵਚਨਬੱਧ ਹੈ : ਸੁਖਵਿੰਦਰ ਸਿੰਘ ਬਿੰਦਰਾ

■ ਨੌਜਵਾਨਾਂ ਲਈ ਅੱਜ ਤਿੰਨ ਸਪੈਸ਼ਲ ਕੈਂਪ ਆਯੋਜਿਤ

ਲੁਧਿਆਣਾ/ਕਰਨ ਅਗਰਵਾਲ

ਪੰਜਾਬ ਯੂਥ ਡਿਵੈਲਪਮੈਂਟ ਬੋਰਡ (ਪੀ.ਵਾਈ.ਡੀ.ਬੀ.) ਦੇ ਚੇਅਰਮੈਨ ਸ੍ਰੀ ਸੁਖਵਿੰਦਰ ਸਿੰਘ ਬਿੰਦਰਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਾਰੇ ਯੋਗ ਲਾਭਪਾਤਰੀਆਂ ਦੇ ਟੀਕਾਕਰਨ ਲਈ ਵਚਨਬੱਧ ਹੈ ਜਿਸ ਲਈ ਸੂਬੇ ਭਰ ਵਿੱਚ ਮੁਫਤ ਟੀਕਾਕਰਨ ਕੈਂਪ ਲਗਾਏ ਜਾ ਰਹੇ ਹਨ। ਇਹ ਗੱਲ ਅੱਜ ਉਨ੍ਹਾਂ ਸਾਹਨੇਵਾਲ ਹਲਕੇ ਵਿੱਚ ਤਿੰਨ ਟੀਕਾਕਰਨ ਕੈਂਪਾਂ ਦਾ ਉਦਘਾਟਨ ਕਰਨ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਹੀ। ਅੱਜ ਦੇ ਕੈਂਪ ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਜੀ ਮੁੰਡੀਆਂ ਕਲਾਂ ਵਿੱਚ, ਪਿੰਡ ਮੁੰਡੀਆਂ ਕਲਾਂ ਅਤੇ ਵਾਰਡ ਨੰਬਰ-27 ਵਿਖੇ ਲਗਾਏ ਗਏ। ਉਨ੍ਹਾਂ ਕਿਹਾ ਕਿ ਪੀ.ਵਾਈ.ਡੀ.ਬੀ. ਨਾਲ ਜੁੜੇ ਯੂਥ ਕਲੱਬ ਕੋਵਿਡ-19 ਨੂੰ ਇੱਕ ਲੋਕ ਲਹਿਰ ਬਣਾਉਣ ਲਈ ਸਖਤ ਮਿਹਨਤ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਪੰਜਾਬੀ ਨੌਜਵਾਨਾਂ ਦੇ ਟੀਕਾਕਰਨ ‘ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਉਹ ਨਿੱਜੀ ਤੌਰ ‘ਤੇ ਰਾਜ ਦੇ ਸਾਰੇ ਪੀ.ਵਾਈ.ਡੀ.ਬੀ. ਮੈਂਬਰਾਂ ਅਤੇ ਯੂਥ ਕਲੱਬਾਂ ਨੂੰ ਆਪਣੇ ਖੇਤਰਾਂ ਵਿੱਚ ਅਜਿਹੇ ਕੈਂਪ ਆਯੋਜਿਤ ਕਰਨ ਲਈ ਪ੍ਰੇਰਿਤ ਕਰ ਰਹੇ ਹਨ ਤਾਂ ਜੋ ਅਸੀਂ ਆਪਣੇ ਸਮਾਜ ਵਿੱਚੋਂ ਕੋਵਿਡ-19 ਮਹਾਂਮਾਰੀ ਦਾ ਸਫਾਇਆ ਕਰ ਸਕੀਏ। ਸ੍ਰੀ ਬਿੰਦਰਾ ਨੇ ਕਿਹਾ ਕਿ ਪੀ.ਵਾਈ.ਡੀ.ਬੀ. ਸਾਰੇ ਯੋਗ ਲੋਕਾਂ ਨੂੰ ਕੋਵਿਡ-19 ਟੀਕੇ ਦੀ ਖੁਰਾਕ ਦੇਣ ਲਈ ਠੋਸ ਯਤਨ ਕਰ ਰਿਹਾ ਹੈ ਅਤੇ ਪੀ.ਵਾਈ.ਡੀ.ਬੀ. ਯੋਗ ਵਿਅਕਤੀਆਂ ਦੀ ਜਲਦ ਤੋਂ ਜਲਦ ਕਵਰੇਜ ਯਕੀਨੀ ਬਣਾਉਣ ਲਈ ਹਰ ਸੰਭਵ ਯਤਨ ਕਰ ਰਿਹਾ ਹੈ। ਚੇਅਰਮੈਨ ਨੇ ਕਿਹਾ ਕਿ ਸਿਰਫ ਤੇਜ਼ ਟੀਕਾਕਰਨ ਅਭਿਆਨ ਬਹੁ-ਗਿਣਤੀ ਲੋਕਾਂ ਨੂੰ ਕਵਚ ਪ੍ਰਦਾਨ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ਜਿਸਦੇ ਸਿੱਟੇ ਵਜੋਂ ਮਹਾਂਮਾਰੀ ਦੀ ਪਸਾਰ ਲੜੀ ਨੂੰ ਤੋੜਿਆ ਜਾ ਸਕਦਾ ਹੈ। ਇਸ ਮੌਕੇ ਪ੍ਰਮੁੱਖ ਤੌਰ ‘ਤੇ ਕੌਂਸਲਰ ਹੈਪੀ, ਮੈਡਮ ਸੁਨੀਤਾ, ਜਸਵੀਰ ਕੌਰ, ਮਨਦੀਪ ਸਿੰਘ ਸਾਹਨੇਵਾਲ, ਰਜਿੰਦਰ ਸਿੰਘ, ਨਮਰਤਾ, ਸੋਨੂੰ, ਸੁਮਨਪ੍ਰੀਤ ਸਿੰਘ ਅਤੇ ਹੋਰ ਸ਼ਾਮਲ ਸਨ।

ਸਮਾਜਿਕ ਸੁਰੱਖਿਆ ਪੈਨਸ਼ਨ ਵਿੱਚ ਵਾਧਾ
750 ਰੁਪਏ ਤੋਂ 1500 ਰੁਪਏ
ਪ੍ਰਤੀ ਮਹੀਨਾ

ਗੁਰਦਾਸਪੁਰ ਜਿਲ੍ਹੇ ਵਿਚ ਲਾਭਪਾਤਰੀਆਂ ਨੂੰ ਦੁੱਗਣੀ ਹੋਈ ਪੈਨਸ਼ਨ ਮਿਲਣੀ ਸ਼ੁਰੂ

ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ

ਪੰਜਾਬ ਸਰਕਾਰ ਵਲੋਂ ਸਮਾਜ ਦੇ ਲੋੜਵੰਦ ਲੋਕਾਂ ਨੂੰ ਪੈਨਸ਼ਨ ਯੋਜਨਾ ਤਹਿਤ ਜੁਲਾਈ 2021 ਤੋਂ ਦੁੱਗਣੀ ਪੈਨਸ਼ਨ ਦਿੱਤੀ ਜਾਣੀ ਸ਼ੁਰੂ ਕਰ ਦਿੱਤੀ ਗਈ ਹੈ, ਜਿਸ ਤਹਿਤ ਗੁਰਦਾਸਪੁਰ ਜਿਲ੍ਹੇ ਅੰਦਰ ਵੀ ਲਾਭਪਾਤਰੀਆਂ ਨੂੰ ਇਸਦਾ ਲਾਭ ਮਿਲਣਾ ਸ਼ੁਰੂ ਹੋ ਗਿਆ ਹੈ। ਦੁੱਗਣੀ ਹੋਈ ਪੈਨਸ਼ਨ ਨਾਲ ਜਿਲ੍ਹੇ ਅੰਦਰ ਜੂਨ ਮਹੀਨੇ ਨਾਲੋਂ 15 ਕਰੋੜ ਰੁਪੈ ਜਿਆਦਾ ਪੈਨਸ਼ਨ ਦੇ ਰੂਪ ਵਿਚ ਲਾਭਪਾਤਰੀਆਂ ਨੂੰ ਮਿਲੇ ਹਨ।

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਤੇ ਹੋਰਨਾਂ ਵਲੋਂ ਅੱਜ ਇਸ ਸਬੰਧੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਵਧੀ ਹੋਈ ਪੈਨਸ਼ਨ ਪ੍ਰਦਾਨ ਕਰਨ ਸਬੰਧੀ ਕੀਤੇ ਸਮਾਗਮ ਦੌਰਾਨ ਵਰਚੁਅਲ ਤਰੀਕੇ ਨਾਲ ਸ਼ਿਰਕਤ ਕੀਤੀ ਗਈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਸਮੂਹ ਪੈਨਸ਼ਨਰਾਂ ਜਿਨ੍ਹਾਂ ਵਿਚ ਬੁਢਾਪਾ ਪੈਨਸ਼ਨ, ਵਿਧਵਾ ਪੈਨਸ਼ਨ, ਆਸ਼ਰਿਤ ਬੱਚਿਆਂ ਤੇ ਦਿਵਿਆਂਗ ਵਿਅਕਤੀਆਂ ਨੂੰ ਪ੍ਰਤੀ ਮਹੀਨਾ 750 ਰੁਪੈ ਤੋਂ ਵਧਾਕੇ ਪੈਨਸ਼ਨ 1500 ਰੁਪੈ ਪ੍ਰਤੀ ਮਹੀਨਾ ਕਰ ਦਿੱਤੀ ਗਈ ਹੈ। ਉਨ੍ਹਾਂ ਦੱਸਿਆ ਕਿ ਜੁਲਾਈ 2021 ਮਹੀਨੇ ਦੌਰਾਨ ਜਿਲ੍ਹੇ ਦੇ 2 ਲੱਖ 4 ਹਜਾਰਾ 700 ਲਾਭਪਾਤਰੀਆਂ ਨੂੰ 30 ਕਰੋੜ 70 ਲੱਖ 51ਹਜਾਰ ਰੁਪੈ ਦੀ ਪੈਨਸ਼ਨ ਜਾਰੀ ਕੀਤੀ ਗਈ, ਜਦਕਿ ਜੂਨ 2021 ਮਹੀਨੇ ਦੌਰਾਨ 1 ਲੱਖ 99 ਹਜਾਰ 195 ਲਾਭਪਾਤਰੀਆਂ ਨੂੰ 750 ਰੁਪੈ ਪ੍ਰਤੀ ਮਹੀਨੇ ਦੇ ਹਿਸਾਬ ਨਾਲ 14 ਕਰੋੜ 93 ਲੱਖ 72 ਹਜਾਰ 500 ਰੁਪੈ ਪੈਨਸ਼ਨ ਦੇ ਤੌਰ ’ਤੇ ਜਾਰੀ ਕੀਤੇ ਗਏ ਸਨ।

ਉਨ੍ਹਾਂ ਦੱਸਿਆ ਕਿ ਜੁਲਾਈ ਮਹੀਨੇ ਦੌਰਾਨ ਨਾ ਕੇਵਲ ਲਾਭਪਾਤਰੀਆਂ ਦੀ ਗਿਣਤੀ ਵਿਚ 5548 ਲਾਭਪਾਤਰੀਆਂ ਦਾ ਵਾਧਾ ਹੋਇਆ ਬਲਕਿ ਪੈਨਸ਼ਨ ਦੁੱਗਣੀ ਹੋਣ ਨਾਲ ਪ੍ਰਤੀ ਮਹੀਨਾ 15 ਕਰੋੜ ਰੁਪੈ ਵਾਧੂ ਲਾਭਪਾਤਰੀਆਂ ਨੂੰ ਜਾਰੀ ਕੀਤੇ ਗਏ ਹਨ।ਵਧੀ ਪੈਨਸ਼ਨ ਲਾਭਪਾਤਰੀਆਂ ਨੂੰ ਪ੍ਰਦਾਨ ਕਰਨ ਜਿਲ੍ਹੇ ਵਿਚ ਗੋਹੇ ਪੋਖਰ, ਹਯਾਤ ਨਗਰ, ਸੋਹਲ, ਰਣੀਆ, ਧਿਆਨਪੁਰ, ਤਲਵੰਡੀ ਰਾਮਾ ਤੇ ਹਰਦੋਵਾਲ ਵਿਖੇ ਵੀ ਸਮਾਗਮ ਹੋਏ। ਇਨ੍ਹਾਂ ਸਾਰੇ ਥਾਵਾਂ ’ਤੇ ਦੁੱਗਣੀ ਪੈਨਸ਼ਨ ਦੇ ਚੈਕ ਲਾਭਪਾਤਰੀਆਂ ਨੂੰ ਸੌਂਪੇ ਗਏ ਅਤੇ ਸਮਾਗਮ ਦਾ ਸਿੱਧਾ ਪ੍ਰਸਾਰਣ ਵੀ ਕੀਤਾ ਗਿਆ।

ਜਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਸ੍ਰੀ ਰਜਿੰਦਰ ਸਿੰਘ ਨੇ ਦੱਸਿਆ ਕਿ ਬਾਕੀ ਰਹਿੰਦੇ ਲਾਭਪਾਤਰੀਆਂ ਨੂੰ ਉਨ੍ਹਾਂ ਦੇ ਬੈਂਕ ਖਾਤਿਆਂ ਵਿਚ ਪਹਿਲੀ ਸਤੰਬਰ 2021 ਨੂੰ ਵਧੀ ਹੋਈ ਪੈਨਸ਼ਨ ਭੇਜ ਦਿੱਤੀ ਜਾਵੇਗੀ। ਇਸ ਮੌਕੇ ਹਰਪਾਲ ਸਿੰਘ ਸੰਧਾਵਾਲੀਆ ਜਿਲਾ ਸਿੱਖਿਆ ਅਫਸਰ (ਸ) , ਕੋਮਲਪ੍ਰੀਤ ਕੌਰ ਸੀਡੀਪੀਓ ਗੁਰਦਾਸਪੁਰਅਤੇ ਜਗਤਾਰ ਸਿੰਘ ਵੀ ਹਾਜਰ ਸਨ।

ਪੁਲਿਸ ਨੇ ਹੈਰੋਇਨ ਸਮੇਤ ਦੋ ਔਰਤਾਂ ਨੂੰ ਗ੍ਰਿਫਤਾਰ ਕਰਕੇ ਕੀਤਾ ਮਾਮਲਾ ਦਰਜ

ਦੀਨਾਨਗਰ/ਡਾ.ਰਮੇਸ਼ ਸਰੰਗਲ

RAJBIR SINGH

ਦੀਨਾਨਗਰ ਥਾਣੇ ਦੀ ਪੁਲਿਸ ਨੂੰ ਉਸ ਵੇਲੇ ਵੱਡੀ ਸਫਲਤਾ ਮਿਲੀ ਜਦੋਂ ਪੁਲਿਸ ਨੇ ਦੋ ਔਰਤਾਂ ਨੂੰ ਵੱਖ –ਵੱਖ ਨਾਕਿਆਂ ਦੌਰਾਨ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ। ਜਿਸ ਵਿੱਚ ਇੱਕ ਔਰਤ ਤੋਂ 255 ਗ੍ਰਾਮ ਹੈਰੋਇਨ ਅਤੇ ਦੂਜੀ ਔਰਤ ਤੋਂ 20 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ। ਦੂਜੇ ਪਾਸੇ ਪੁਲਿਸ ਨੇ ਗ੍ਰਿਫਤਾਰ ਔਰਤ ਨੂੰ ਅਦਾਲਤ ਵਿੱਚ ਪੇਸ ਕਰਕੇ ਰਿਮਾਂਡ ਹਾਸਲ ਕੀਤਾ ਹੈ।

ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਡੀਐਸਪੀ ਰਾਜਬੀਰ ਸਿੰਘ ਨੇ ਦੱਸਿਆ ਕਿ ਐਤਵਾਰ ਨੂੰ ਸਬ ਇੰਸਪੈਕਟਰ ਦਲਜੀਤ ਸਿੰਘ ਦੀ ਅਗਵਾਈ ਵਿੱਚ ਪੁਲਿਸ ਕਰਮਚਾਰੀ ਪਿੰਡ ਪਨਿਆੜ ਦੀ ਪੱਕੀ ਫਿਰਨੀ ਰੋਡ ਤੋਂ ਮੋੜ ਪਿੰਡ ਵੱਲ ਗਸਤ ਕਰ ਰਹੇ ਸਨ। ਇਸ ਦੌਰਾਨ ਇੱਕ ਔਰਤ ਪੈਦਲ ਜਾ ਰਹੀ ਸੀ। ਜਿਸ ਨੂੰ ਸੱਕ ਦੇ ਆਧਾਰ ‘ਤੇ ਰੋਕਿਆ ਗਿਆ। ਜਦੋਂ ਮਹਿਲਾ ਕਾਂਸਟੇਬਲ ਨੇ ਔਰਤ ਦੀ ਤਲਾਸੀ ਲਈ ਤਾਂ ਉਸ ਕੋਲੋਂ ਇੱਕ ਪਲਾਸਟਿਕ ਦਾ ਲਿਫਾਫਾ ਬਰਾਮਦ ਹੋਇਆ। ਤਲਾਸੀ ਲੈਣ ‘ਤੇ ਉਸ ਕੋਲੋਂ 255 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸਦੀ ਅੰਤਰਰਾਸਟਰੀ ਬਾਜਾਰ ਵਿੱਚ ਕੀਮਤ 1.27 ਕਰੋੜ ਰੁਪਏ ਦੱਸੀ ਗਈ ਹੈ। ਫੜੀ ਗਈ ਔਰਤ ਦੀ ਪਛਾਣ ਸੋਮਾਂ ਉਰਫ ਬਿੱਲੀ ਵਾਸੀ ਪਨਿਆੜ ਵਜੋਂ ਹੋਈ ਹੈ। ਔਰਤ ਤੋਂ ਪੁੱਛਗਿੱਛ ਦੌਰਾਨ ਇਹ ਗੱਲ ਸਾਹਮਣੇ ਆਈ ਹੈ ਕਿ ਇੱਕ ਔਰਤ ਕੋਲੋਂ ਇਹ ਹੈਰੋਇਨ ਲਿਆਂਦੀ ਸੀ ਉਸ ਨੂੰ ਕਾਬੂ ਕਰਨ ਲਈ ਵੀ ਛਾਪੇਮਾਰੀ ਕੀਤੀ ਜਾ ਰਹੀ ਹੈ। ਇਸੇ ਤਰ੍ਹਾਂ ਪੁਲਿਸ ਨੇ ਸੁਨੀਤਾ ਵਾਸੀ ਅਵਾਂਖਾ ਨੂੰ ਵੀ 20 ਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਹੈ। ਇਸ ਮਹਿਲਾ ਦੇ ਖਿਲਾਫ ਪਹਿਲਾਂ ਹੀ ਛੇ ਮਾਮਲੇ ਦਰਜ ਹਨ–

ਡੀਐਸਪੀ ਨੇ ਦੱਸਿਆ ਕਿ ਸੋਮਾਂ ਉਰਫ ਬਿੱਲੀ ਵੱਡੇ ਪੱਧਰ ‘ਤੇ ਹੈਰੋਇਨ ਦਾ ਕੰਮ ਕਰ ਰਹੀ ਸੀ। ਇਹ ਔਰਤ ਦੀਨਾਨਗਰ ਇਲਾਕੇ ਵਿੱਚ ਹੈਰੋਇਨ ਦੀ ਸਪਲਾਈ ਕਰ ਰਹੀ ਸੀ। ਇਸ ਦੇ ਵਿਰੁੱਧ ਵੱਖ –ਵੱਖ ਥਾਣਿਆਂ ਵਿੱਚ ਐਨਡੀਪੀਸੀ ਐਕਟ ਅਧੀਨ ਛੇ ਕੇਸ ਦਰਜ ਹਨ। ਉਨ੍ਹਾਂ ਦੱਸਿਆ ਔਰਤ ਦਾ ਰਿਮਾਂਡ ਅਦਾਲਤ ਤੋਂ ਲਿਆ ਗਿਆ ਹੈ। ਪੁੱਛਗਿੱਛ ਦੌਰਾਨ ਹੋਰ ਖੁਲਾਸੇ ਹੋਣ ਦੀ ਸੰਭਾਵਨਾ ਹੈ।

ਨਸਾ ਤਸਕਰਾਂ ਨੂੰ ਬਖਸਿਆ ਨਹੀਂ ਜਾਵੇਗਾ - ਡੀਐਸਪੀ

ਡੀਐਸਪੀ ਰਾਜਬੀਰ ਸਿੰਘ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਨਸਿਆਂ ਵਿਰੁੱਧ ਮੁਹਿੰਮ ਚਲਾਈ ਹੈ। ਉਨ੍ਹਾਂ ਕਿਹਾ ਕਿ ਐਸਐਸਪੀ ਗੁਰਦਾਸਪੁਰ ਡਾ: ਨਾਨਕ ਸਿੰਘ ਦੇ ਨਿਰਦੇਸਾਂ ‘ਤੇ ਪੁਲਿਸ ਥਾਣਾ ਦੀਨਾਨਗਰ ਅਧੀਨ ਆਉਂਦੇ ਖੇਤਰ ਨੂੰ ਨਸਾ ਮੁਕਤ ਬਣਾਇਆ ਜਾਵੇਗਾ। ਉਨ੍ਹਾਂ ਚਿਤਾਵਨੀ ਦਿੱਤੀ ਕਿ ਨਸਾ ਤਸਕਰ ਆਪਣੀਆਂ ਹਰਕਤਾਂ ਤੋਂ ਗੁਰੇਜ ਕਰਨ ਨਹੀਂ ਤਾਂ ਉਨ੍ਹਾਂ ਨੂੰ ਬਖਸਿਆ ਨਹੀਂ ਜਾਵੇਗਾ। ਉਹਨਾਂ ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕੋਈ ਤੁਹਾਡੇ ਆਲੇ ਦੁਆਲੇ ਨਸਾ ਵੇਚਦਾ ਨਜਰ ਆਉਂਦਾ ਹੈ ਤਾਂ ਤੁਰੰਤ ਪੁਲਿਸ ਨੂੰ ਸੂਚਿਤ ਕਰੋ। ਸੂਚਨਾ ਦੇਣ ਵਾਲੇ ਦੀ ਪਛਾਣ ਗੁਪਤ ਰੱਖੀ ਜਾਵੇਗੀ।

ਡਿਪਸ ਚੇਨ ਦੇ ਸਾਰੇ ਸਕੂਲਾਂ ਵਿੱਚ ਰਾਸਟਰੀ ਖੇਡ ਦਿਵਸ ਮਨਾਇਆ

ਜਲੰਧਰ/ਹਰਬੰਸ ਬਿੱਟੂ

ਡਿਪਸ ਚੇਨ ਦੇ ਵੱਖ –ਵੱਖ ਸਕੂਲਾਂ ਵਿੱਚ ਰਾਸਟਰੀ ਖੇਡ ਦਿਵਸ ਦੇ ਮੌਕੇ ਤੇ ਵਿਦਿਆਰਥੀਆਂ ਅਤੇ ਅਧਿਆਪਕਾਂ ਲਈ ਖੇਡਾਂ ਦੇ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਪ੍ਰੀ–ਵਿੰਗ, ਪ੍ਰਾਇਮਰੀ ਵਿੰਗ ਅਤੇ ਸੀਨੀਅਰ ਵਿੰਗ ਦੇ ਵਿਦਿਆਰਥੀਆਂ ਦੁਆਰਾ ਵੱਖ–ਵੱਖ ਖੇਡਾਂ ਜਿਵੇਂ ਕਿ ਲੈਮਨ ਰੇਸ, ਹਰਡਲ ਰੇਸ, ਸਪੂਨ ਰੇਡ, ਪਿਕ ਐਂਡ ਰਨ, ਸੈਕ ਰੇਸ, ਥ੍ਰੀ ਲੈਗ ਆਦਿ ਦਾ ਆਯੋਜਨ ਕੀਤਾ ਗਿਆ। ਖੇਡ ਜਿੱਤਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਇਨਾਮ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰਿੰਸੀਪਲਾਂ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਰਾਸਟਰੀ ਖੇਡ ਦਿਵਸ ਤੇ ਵੱਖ –ਵੱਖ ਖੇਡ ਮੁਕਾਬਲੇ ਕਰਵਾਏ ਜਾਂਦੇ ਹਨ ਅਤੇ ਵਿਦਿਆਰਥੀਆਂ ਨੂੰ ਜੀਵਨ ਵਿੱਚ ਖੇਡਾਂ ਦੇ ਮਹੱਤਵ ਬਾਰੇ ਦੱਸਿਆ । ਐਮਡੀ ਤਰਵਿੰਦਰ ਸਿੰਘ ਅਤੇ ਸੀਈਓ ਮੋਨਿਕਾ ਮੰਡੋਤਰਾ ਨੇ ਵਿਦਿਆਰਥੀਆਂ ਦੀ ਖੇਡਾਂ ਵਿੱਚ ਕਾਰਗੁਜਾਰੀ ਦੇਖੀ ਅਤੇ ਉਨ੍ਹਾਂ ਨੂੰ ਇਸੇ ਤਰ੍ਹਾਂ ਪ੍ਰਦਰਸਨ ਕਰਨ ਲਈ ਪ੍ਰੇਰਿਤ ਕੀਤਾ। ਪੜ੍ਹਾਈ ਜਿੰਨੀ ਹੀ ਜੰਿਦਗੀ ਵਿੱਚ ਖੇਡਾਂ ਦਾ ਮਹੱਤਵ ਹੈ, ਇਸ ਲਈ ਜੀਵਨ ਵਿੱਚ ਪੜ੍ਹਾਈ ਅਤੇ ਖੇਡਾਂ ਨੂੰ ਪੂਰਾ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਸੀਏਓ ਰਮਨੀਕ ਸਿੰਘ ਅਤੇ ਜਸਨ ਸਿੰਘ ਨੇ ਕਿਹਾ ਕਿ ਖੇਡ ਮੁਕਾਬਲਿਆਂ ਦਾ ਮੁੱਖ ਉਦੇਸ ਵਿਦਿਆਰਥੀਆਂ ਵਿੱਚ ਖੇਡਾਂ ਪ੍ਰਤੀ ਦਿਲਚਸਪੀ ਪੈਦਾ ਕਰਨਾ ਹੈ ਤਾਂ ਜੋ ਉਨ੍ਹਾਂ ਨੂੰ ਸਰੀਰਕ ਤੌਰ ਤੇ ਤੰਦਰੁਸਤ ਰੱਖਿਆ ਜਾ ਸਕੇ। ਖੇਡਾਂ ਨਾ ਸਿਰਫ ਸਾਡਾ ਮਨੋਰੰਜਨ ਕਰਦੀਆਂ ਹਨ ਬਲਕਿ ਸਾਡੀ ਸਿਹਤ ਦਾ ਵੀ ਖਿਆਲ ਰੱਖਦੀਆਂ ਹਨ ਅਤੇ ਜੀਵਨ ਨੂੰ ਅਨੁਸਾਸਨ ਦੇਣ ਵਿੱਚ ਵੀ ਸਹਾਇਤਾ ਕਰਦੀਆਂ ਹਨ।

ਸਾਂਤੀ ਦੇਵੀ ਆਰੀਆ ਮਹਿਲਾ ਕਾਲਜ ਦੀ ਵਿਦਿਆਰਥਣ ਮ੍ਰਿਨਲ ਵੇਦਾਂਤੀ ਕੰਪਨੀ ’ਚ ਹੋਈ ਸਲੈਕਟ

ਦੀਨਾਨਗਰ/ਡਾ.ਰਮੇਸ਼ ਸਰੰਗਲ : ਸ਼ਾਤੀ ਦੇਵੀ ਆਰੀਆ ਮਹਿਲਾ ਕਾਲਜ ਦੀ ਵਿਦਿਆਰਥਣ ਮਿਸ ਮਰਿਨਲ ਵੇਦਾਂਤੀ ਕੰਪਨੀ ਲਈ ਚੁਣੀ ਗਈ ਹੈ।ਜਿਸਦੇ ਲਈ ਉਸਨੂੰ 3.6 ਲੱਖ ਦਾ ਪੈਕੇਜ ਮਿਲੇਗਾ। ਜਾਣਕਾਰੀ ਦਿੰਦਿਆਂ ਕਾਲਜ ਦੀ ਪੀਆਰਓ ਡਾ: ਕੁਲਵਿੰਦਰ ਕੌਰ ਛੀਨਾ ਨੇ ਦੱਸਿਆ ਕਿ ਮ੍ਰਿਨਲ ਬੀ ਵਾਕ ਸਾਫਟਵੇਅਰ ਦੀ ਅੰਤਿਮ ਵਰ੍ਹੇ ਦੀ ਵਿਦਿਆਰਥਣ ਹੈ। ਇਸੇ ਤਰ੍ਹਾਂ, ਵਿਦਿਆਰਥਣ ਹਰਸਤਿ ਡੋਗਰਾ ਬੀਸੀਏ ਅਤੇ ਪੱਲਵੀ ਡੋਗਰਾ ਬੀਐਸਈ ਨੂੰ 2.5 ਲੱਖ ਦੇ ਪੈਕੇਜ ਦੇ ਨਾਲ ਕੰਪਨੀ ਸਿੰਪਲ ਗ੍ਰੀਨ ਐਨਰਜੀ ਇੰਗਲੈਂਡ ਬੈਸਟ ਕੰਪਨੀ ਵਿੱਚ ਚੁਣਿਆ ਗਿਆ ਹੈ. ਕਾਲਜ ਪ੍ਰਿੰਸੀਪਲ ਡਾ: ਰੀਨਾ ਤਲਵਾੜ ਨੇ ਕਾਲਜ ਪਲੇਸਮੈਂਟ ਸੈੱਲ ਦੇ ਕੋਆਰਡੀਨੇਟਰ ਦੀਪਕ ਜੋਤੀ ਅਤੇ ਇਨ੍ਹਾਂ ਵਿਦਿਆਰਥੀਆਂ ਨੂੰ ਵਧਾਈ ਦਿੱਤੀ।

ਪੈਨਸ਼ਨ ਰਾਸ਼ੀ 750 ਤੋਂ ਵਧਾ ਕੇ 1500 ਕਰਨ ਦਾ ਵਾਅਦਾ ਪੰਜਾਬ ਸਰਕਾਰ ਨੇ ਕੀਤਾ ਪੂਰਾ : ਅਸ਼ੋਕ ਚੌਧਰੀ

ਦੀਨਾਨਗਰ/ਡਾ.ਰਮੇਸ਼ ਸਰੰਗਲ

2017 ਦੀਆਂ ਚੋਣਾਂ ਵੇਲੇ ਸੱਤਾ ਚ ਆਈ ਪੰਜਾਬ ਚ ਕਾਂਗਰਸ ਦੀ ਸਰਕਾਰ ਨੇ ਚੋਣ ਮੈਨੀਫੈਸਟੋ ਵਿੱਚ ਪੰਜਾਬ ਦੇ ਪੈਨਸ਼ਨ ਹੋਲਡਰਾਂ ਨਾਲ ਇਕ ਵਾਅਦਾ ਕੀਤਾ ਸੀ ਜੋ ਅੱਜ ਪੂਰਾ ਹੁੰਦਾ ਨਜਰ ਆ ਰਿਹਾ ਹੈ। ਪੰਜਾਬ ਸਰਕਾਰ ਨੇ 27 ਲੱਖ ਪੈਨਸ਼ਨ ਹੋਲਡਰਾਂ ਦੀ ਇੱਕ ਜੁਲਾਈ ਤੋਂ ਪੈਨਸ਼ਨ 750 ਰੁਪਏ ਤੋਂ ਵਧਾ ਕੇ 1500 ਰੁਪਏ ਕਰਨ ਦਾ ਨੋਟੀਫਿਕੇਸ਼ਨ ਜਾਰੀ ਕੀਤਾ ਸੀ ਜਿਸਨੂੰ ਅੱਜ ਲਾਗੂ ਕਰ ਦਿੱਤਾ ਗਿਆ ਹੈ।

ਕੈਬਿਨੇਟ ਮੰਤਰੀ ਅਰੁਨਾ ਚੌਧਰੀ ਦੇ ਪਤੀ ਅਤੇ ਸੀਨੀਅਰ ਕਾਂਗਰਸੀ ਨੇਤਾ ਅਸ਼ੋਕ ਚੌਧਰੀ ਨੇ ਆਪਣੇ ਜੱਦੀ ਪਿੰਡ ਅਵਾਂਖਾ ਚ 990 ਪੈਨਸ਼ਨ ਹੋਲਡਰਾਂ ਨੂੰ 15 – 15 ਸੌ ਰੁਪਏ ਦੇ ਚੈੱਕ ਵੰਡ ਕੇ ਸ਼ੁਰੂਆਤ ਕੀਤੀ। ਇਸ ਤੋਂ ਇਲਾਵਾ ਉਨ੍ਹਾਂ ਦੋਰਾਂਗਲਾ, ਕਲੀਚਪੁਰ ਅਤੇ ਚੌਤਾ ਤੋਂ ਇਲਾਵਾ ਹੋਰ ਪਿੰਡਾਂ ਵਿਚ ਵੀ ਪੈਨਸ਼ਨ ਹੋਲਡਰਾਂ ਨੂੰ 1500 ਰੁਪਏ ਵਾਲੇ ਚੈਕ ਵੰਡੇ। ਇਸ ਮੌਕੇ ਤੇ ਆਪਣੇ ਸੰਬੋਧਨ ਵਿੱਚ ਅਸ਼ੋਕ ਚੌਧਰੀ ਨੇ ਕਿਹਾ ਕਿ ਕਾਂਗਰਸ ਸਰਕਾਰ ਨੇ ਪੈਨਸ਼ਨ ਵਿੱਚ ਵਾਧਾ ਕਰਨ ਵਾਲਾ ਆਪਣਾ ਵਾਅਦਾ ਪੂਰਾ ਕਰ ਦਿੱਤਾ ਹੈ। 15 – 15 ਸੌ ਰੁਪਏ ਦੇ ਚੈੱਕ ਦੇਖਦੇ ਹੀ ਪੈਨਸ਼ਨ ਹੋਲਡਰਾਂ ਚ ਖੁਸ਼ੀ ਪਾਈ ਜਾ ਰਹੀ ਹੈ। ਇਸ ਮੌਕੇ ਤੇ ਸੀਨੀਅਰ ਨੇਤਾ ਅਸ਼ੋਕ ਚੌਧਰੀ ਨੇ ਵਿਰੋਧੀਆਂ ਨੂੰ ਲੰਬੇ ਹੱਥੀਂ ਲੈਂਦਿਆਂ ਕਿਹਾ ਕਿ ਵਿਰੋਧੀ ਭੋਲੇ ਭਾਲੇ ਲੋਕਾਂ ਨੂੰ ਝੂਠੇ ਸ਼ਪਨੇ ਦਿਖਾ ਕੇ ਗੁਮਰਾਹ ਕਰ ਰਹੇ ਹਨ ਜੋ ਕਿ ਆਪਣੇ ਮਨਸੂਬਿਆਂ ਚ ਕਦੇ ਕਾਮਯਾਬ ਨਹੀਂ ਹੋ ਸਕਣਗੇ। ਉਨਾਂ ਕਿਹਾ ਕਿ ਲੋਕ 2022 ਦੀਆਂ ਚੋਣਾਂ ਦਾ ਇੰਤਜ਼ਾਰ ਬੜੀ ਹੀ ਬੇਸਬਰੀ ਨਾਲ ਕਰ ਰਹੇ ਹਨ ਅਤੇ ਇਕ ਵਾਰ ਫਿਰ ਤੋਂ ਪੰਜਾਬ ਚ ਕਾਂਗਰਸ ਦੀ ਹੀ ਸਰਕਾਰ ਦੇਖਣਾ ਚਾਹੁੰਦੇ ਹਨ। ਇਸ ਮੌਕੇ ਤੇ ਸਰਪੰਚ ਗੀਤਾ ਠਾਕੁਰ, ਜਸ਼ ਪਾਲ, ਡੀਐਸਪੀ ਰਾਜਬੀਰ ਸਿੰਘ ਸਾਬਕਾ ਚੇਅਰਮੈਨ ਰਘਬੀਰ ਸਿੰਘ, ਬਲਾਕ ਕਾਂਗਰਸੀ ਆਗੂ ਡਾਕਟਰ ਰਾਜ ਕੁਮਾਰ ਕਲੀਚਪੁਰ ਤੋਂ ਇਲਾਵਾ ਵੱਡੀ ਗਿਣਤੀ ਚ ਕਾਂਗਰਸ ਪਾਰਟੀ ਦੇ ਵਰਕਰ ਅਤੇ ਪਿੰਡਾਂ ਦੇ ਲੋਕ ਹਾਜ਼ਰ ਸਨ।

> ਹੁਣ ਬਜੁਰਗਾਂ ਨੂੰ, ਅੰਗਹੀਣਾਂ ਨੂੰ, ਵਿਧਵਾ ਨੂੰ ਅਤੇ ਬੇਸਹਾਰਾ ਨੂੰ ਮਿਲੇਗੀ ਹਰ ਮਹੀਨੇ 1500 ਰੁਪਏ ਪੈਨਸ਼ਨ

ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਅੱਤਵਾਦ ਪੀੜਤ ਵਿਅਕਤੀ

ਪਰਿਵਾਰ ਦੀ ਸਹਾਇਤਾ ਕਰਨ ਲਈ ਹਲਕਾ ਵਿਧਾਇਕ ਪਹਿਲਾਂ ਵੀ ਮੁੱਖ ਮੰਤਰੀ ਨੂੰ ਲਿਖ ਚੁੱਕੇ ਹਨ ਚਿੱਠੀ

ਸੁਨਾਮ/ਵਰਮਾ

ਪੰਜਾਬ ਦੇ ਲੋਕਾਂ ਨੇ ਲੰਮਾ ਸਮਾਂ ਅੱਤਵਾਦ ਦਾ ਸਮਾਂ ਆਪਣੇ ਹੱਡੀਂ ਹੰਢਾਇਆ ਸੀ। ਲੱਗਭੱਗ 1982 ਤੋਂ ਲੈ ਕੇ 1994 ਤੱਕ ਲੋਕਾਂ ਦਾ ਘਰੋਂ ਨਿਕਲਣਾ ਮੁਸ਼ਕਿਲ ਹੋ ਗਿਆ ਸੀ। ਉਸ ਸਮੇਂ ਅੱਤਵਾਦ ਦਾ ਖੌਫ ਇੰਨਾ ਜਆਿਦਾ ਹੁੰਦਾ ਸੀ ਕਿ ਘਰੋਂ ਗਏ ਵਿਅਕਤੀ ਦਾ ਪਤਾ ਨਹੀਂ ਸੀ ਹੁੰਦਾ ਕਿ ਘਰ ਵਾਪਸ ਮੁੜ ਸਕੇਗਾ ਜਾਂ ਨਹੀਂ। ਇਸ ਲਈ ਉਸ ਸਮੇਂ ਨੂੰ 'ਕਾਲੇ ਦੌਰ' ਦਾ ਨਾਂ ਵੀ ਦਿੱਤਾ ਗਿਆ ਹੈ। ਉਸ ਸਮੇਂ ਅੱਤਵਾਦੀਆਂ ਦੇ ਹਮਲੇ ਦੌਰਾਨ ਜਿੱਥੇ ਕਈ ਨਿਰਦੋਸ਼ ਲੋਕਾਂ ਦੀਆਂ ਜਾਨਾਂ ਗਈਆਂ, ਉੱਥੇ ਹੀ ਕਈ ਲੋਕ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਕੇ ਨਰਕ ਭਰੀ ਜਿੰਦਗੀ ਜਿਉਣ ਲਈ ਮਜਬੂਰ ਵੀ ਹੋਏ। ਅਜਿਹੇ ਹੀ ਸਮੇਂ ਦੌਰਾਨ ਅੱਤਵਾਦ ਦਾ ਸ਼ਿਕਾਰ ਹੋਏ ਸੁਨਾਮ ਨਿਵਾਸੀ ਇਕ ਨੌਜਵਾਨ ਦੀ ਦੁੱਖ ਭਰੀ ਦਾਸਤਾਂ ਤੁਹਾਡੇ ਲੂੰ-ਕੰਡੇ ਖੜ੍ਹੇ ਕਰ ਦੇਵੇਗੀ। ਕਾਲੇ ਦੌਰ ਦੇ ਭਿਆਨਕ ਸਮੇਂ ਦੀ ਇੱਕ ਬਹੁਤ ਦਰਦਨਾਕ ਯਾਦ ਨੂੰ ਆਪਣੇ ਪਿੰਡੇ ਤੇ ਹੰਢਾਉਂਦਾ ਆ ਰਿਹਾ 35 ਸਾਲਾ ਨੌਜਵਾਨ ਭੁਵਨ ਜੈਨ ਅੱਜ ਵੀ ਦੁੱਖ ਭਰੀ ਜੀਂਦਗੀ ਜਿਊਣ ਲਈ ਮਜਬੂਰ ਹੋ ਰਿਹਾ ਹੈ। ਭੁਵਨ ਜੈਨ ਦੇ ਮੁਤਾਬਕ ਸਾਲ 1991 ਵਿੱਚ ਉਹ ਇੱਕ ਵਿਆਹ ਸਮਾਗਮ ਵਿੱਚ ਭਾਗ ਲੈਣ ਲਈ ਆਪਣੇ ਪਰਿਵਾਰ ਸਮੇਤ ਸੁਨਾਮ ਤੋਂ ਲੁਧਿਆਣਾ ਜਾ ਰਿਹਾ ਸੀ। ਜਦੋਂ ਲੁਧਿਆਣਾ ਦੇ ਪਿੰਡ ਡੇਹਲੋਂ ਵਿਖੇ ਪਹੁੰਚੇ ਤਾਂ ਅੱਤਵਾਦੀਆਂ ਨੇ ਉਨ੍ਹਾਂ ਨੂੰ ਘੇਰ ਲਿਆ ਅਤੇ ਉਨ੍ਹਾਂ ਤੇ ਅੰਨ੍ਹੇਵਾਹ ਫਾਇਰਿੰਗ ਕਰਨੀ ਸੁਰੂ ਕਰ ਦਿੱਤੀ। ਫਾਇਰਿੰਗ ਵਿੱਚ ਉਸਦੇ ਤਾਇਆ ਦੀ ਮੌਤ ਹੋ ਗਈ ਅਤੇ ਉਸ ਦੇ ਸਿਰ ਤੇ ਗੋਲੀਆਂ ਦੇ ਛੱਰੇ ਲੱਗਣ ਕਾਰਨ ਉਹ ਗੰਭੀਰ ਰੂਪ ਵਿੱਚ ਜਖਮੀ ਹੋ ਗਿਆ ਸੀ।



ਭੁਵਨ ਜੈਨ ਅਨੁਸਾਰ ਉਸ ਸਮੇਂ ਉਹ 6 ਸਾਲਾਂ ਦਾ ਸੀ। ਉਸ ਦਾ ਇਲਾਜ ਡੀਐਮਸੀ ਲੁਧਿਆਣਾ ਵਿਖੇ ਚਲਿਆ। ਲੱਗਭੱਗ 3 ਸਾਲ ਹਸਪਤਾਲ ਵਿੱਚ ਇਲਾਜ ਚੱਲਦਾ ਰਿਹਾ। ਇਲਾਜ ਦੇ ਖਰਚੇ ਵਿੱਚ ਸਭ ਕੁਝ ਬਰਬਾਦ ਹੋ ਗਿਆ। ਦੋ ਮਕਾਨ ਵਿਕ ਗਏ ਅਤੇ ਲੱਖਾਂ ਰੁਪਏ ਇਲਾਜ ਤੇ ਖਰਚਾ ਹੋ ਗਿਆ ਸੀ। ਇਲਾਜ ਕਰਕੇ ਉਸ ਦਾ ਪਰਿਵਾਰ ਗਰੀਬੀ ਦੀ ਦਲਦਲ ਵਿੱਚ ਫਸ ਗਿਆ। ਅਤੇ ਪਰਿਵਾਰ ਲੋਕਾਂ ਦਾ ਕਰਜ਼ਦਾਰ ਹੋ ਗਿਆ ,ਪਰ ਸਮੇਂ ਦੀਆਂ ਸਰਕਾਰਾਂ ਨੇ ਉਨ੍ਹਾਂ ਦੀ ਕੋਈ ਸਹਾਇਤਾ ਨਹੀਂ ਕੀਤੀ। ਉਨ੍ਹਾਂ ਤੇ ਹੋਈ ਫਾਇਰਿੰਗ ਤੋਂ ਬਾਅਦ 3 ਫਰਵਰੀ 1991 ਨੂੰ ਡੇਹਲੋਂ ਥਾਣਾ ਵਿਖੇ ਪੁਲਿਸ ਨੇ ਐਫਆਈਆਰ ਦਰਜ ਕੀਤੀ ਸੀ। ਉਨ੍ਹਾਂ ਨੇ ਮਦਦ ਲੈਣ ਲਈ ਸਰਕਾਰੇ ਦਰਬਾਰੇ ਬਹੁਤ ਚੱਕਰ ਲਗਾਏ। ਪਰ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋਈ। ਕਿਸੇ ਪਾਸਿਓਂ ਵੀ ਕੋਈ ਮਾਲੀ ਸਹਾਇਤਾ ਨਹੀਂ ਮਿਲੀ। ਸਰਕਾਰੀ ਸਹਾਇਤਾ ਲਈ ਲਿਖਤੀ ਰੂਪ ਵਿੱਚ ਵੀ ਸਰਕਾਰੀ ਅਫਸਰਾਂ ਅਤੇ ਮੁੱਖ ਮੰਤਰੀ ਤੱਕ ਪਹੁੰਚ ਕੀਤੀ ਗਈ ਸੀ। ਜ਼ਿਲ੍ਹਾ ਸੰਗਰੂਰ ਦੇ ਇੱਕ ਡਿਪਟੀ ਕਮਿਸ਼ਨਰ ਵੱਲੋਂ ਪੰਜਾਬ ਸਰਕਾਰ ਨੂੰ ਪੱਤਰ ਲਿਖਿਆ ਗਿਆ ਸੀ ਕਿ ਪੀਡਤ ਦੀ ਸਹਾਇਤਾ ਕੀਤੀ ਜਾਵੇ। ਪਰ ਸਹਾਇਤਾ ਕਰਨ ਦੀ ਬਜਾਏ ਉਨ੍ਹਾਂ ਨੂੰ ਜੋ ਜਵਾਬ ਮਿਲਿਆ ਉਸ ਨੇ ਉਨ੍ਹਾਂ ਨੂੰ ਹੈਰਾਨ ਕਰ ਦਿੱਤਾ। ਭੁਵਨ ਜੈਨ ਅਨੁਸਾਰ ਉਨ੍ਹਾਂ ਨੂੰ ਜਵਾਬ ਮਿਲਿਆ ਕਿ ਇੱਕ ਤਾਂ ਤੁਸੀਂ ਜੈਨ ਬਰਾਦਰੀ ਵਿੱਚੋਂ ਹੋ, ਦੂਜਾ ਤੁਸੀਂ 100 ਫੀਸਦੀ ਅੰਗਹੀਣ ਨਹੀਂ ਹੋਏ ਹੋ। ਇਸ ਕਰਕੇ ਤੁਹਾਨੂੰ ਮੁਆਵਜਾ ਨਹੀਂ ਮਿਲ ਸਕਦਾ। ਜਿਸ ਤੋਂ ਨਿਰਾਸ਼ ਹੋ ਕੇ ਉਨ੍ਹਾਂ ਨੇ ਮਾਨਯੋਗ ਹਾਈਕੋਰਟ ਦਾ ਦਰਵਾਜ਼ਾ ਖੜਕਾਇਆ। ਮਾਣਯੋਗ ਹਾਈ ਕੋਰਟ ਨੇ ਉਨ੍ਹਾਂ ਨੂੰ ਇਨਸਾਫ ਦਿੰਦੇ ਹੋਏ ਬੀਮਾ ਕੰਪਨੀ ਨੂੰ ਸਾਢੇ 4 ਲੱਖ ਰੁਪਏ ਦੇਣ ਦਾ ਫੈਸਲਾ ਸੁਣਾਇਆ। ਕਿਉਂਕਿ ਜਿਸ ਕਾਰ ਵਿੱਚ ਉਨ੍ਹਾਂ ਤੇ ਜਾਨਲੇਵਾ ਹਮਲਾ ਹੋਇਆ ਸੀ, ਉਸ ਕਾਰ ਦਾ ਬੀਮਾ ਕੀਤਾ ਹੋਇਆ ਸੀ। ਮਾਨਯੋਗ ਹਾਈਕੋਰਟ ਦੇ ਫੈਸਲੇ ਤੋਂ ਬਾਅਦ ਉਨ੍ਹਾਂ ਨੂੰ ਮਿਲੇ ਸਾਢੇ 4 ਲੱਖ ਰੁਪਏ ਦੀ ਰਕਮ ਨਾਲ ਕੁਝ ਸਹਾਰਾ ਤਾਂ ਮਿਲਿਆ। ਪਰ ਸਾਰਾ ਪੈਸਾ ਮਕਾਨ ਅਤੇ ਕਰਜੇ ਵਿੱਚ ਲਗ ਗਿਆ। ਉਸ ਤੋਂ ਬਾਅਦ ਹੁਣ ਸੁਨਾਮ ਦੇ ਐਮ ਐਲ ਏ ਅਮਨ ਅਰੋੜਾ ਨੇ ਪੰਜਾਬ ਸਰਕਾਰ ਦੇ ਮੁਖਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਭੇਜ ਕੇ ਮੰਗ ਕੀਤੀ ਕਿ ਸਰਕਾਰ ਇਸ ਪਰਿਵਾਰ ਦੀ ਮਾਲੀ ਮਦਦ ਕਰੇ ਅਤੇ ਪਰਿਵਾਰ ਦੇ ਇੱਕ ਮੈਂਬਰ ਨੂੰ ਨੌਕਰੀ ਦੇਵੇ। ਪਰ ਨੌਕਰੀ ਨਹੀਂ ਮਿਲੀ ਅਤੇ ਪੱਤਰ ਦਾ ਵੀ ਕੋਈ ਜਵਾਬ ਨਹੀਂ ਆਇਆ। ਇਸ ਬਾਰੇ ਜੈਨ ਮਹਾਵੀਰ ਸੰਘ ਦੇ ਚੇਅਰਮੈਨ ਉੱਜਵਲ ਜੈਨ ਨੇ ਕਿਹਾ ਕਿ ਇਸ ਪਰਿਵਾਰ ਨਾਲ ਬਹੁਤ ਮਾੜਾ ਹੋਇਆ ਹੈ। ਇਹ ਬਿਲਕੁੱਲ ਸੱਚ ਹੈ ਕਿ ਇਹਨਾਂ ਦੀ ਹਾਲਤ ਤਰਸਯੋਗ ਬਣੀ ਹੋਈ ਹੈ। ਜੈਨ ਸਮਾਜ ਵੱਲੋਂ ਸਮੇਂ-ਸਮੇਂ ਤੇ ਇਸ ਪਰਿਵਾਰ ਦੀ ਜਿੰਨੀ ਸਹਾਇਤਾ ਕੀਤੀ ਜਾ ਸਕਦੀ ਹੈ, ਉਹ ਕੀਤੀ ਜਾ ਰਹੀ ਹੈ। ਪਰ ਉਹ ਨਾਕਾਫੀ ਹੈ। ਸਰਕਾਰ ਨੂੰ ਇਸ ਪਰਿਵਾਰ ਦੀ ਮਦਦ ਜਰੂਰ ਕਰਨੀ ਚਾਹੀਦੀ ਹੈ। ਵਿਧਾਇਕ ਅਮਨ ਅਰੋੜਾ ਨੇ ਕਿਹਾ ਮੇਰੇ ਵਲੋਂ ਇੱਕ ਪੱਤਰ ਪੰਜਾਬ ਦੇ ਮੁਖਮੰਤਰੀ ਨੂੰ ਲਿਖਿਆ ਸੀ ਕਿ ਪਰਿਵਾਰ ਦੀ ਮਦਦ ਕੀਤੀ ਜਾਵੇ ਅਤੇ ਇਸ ਪਰਿਵਾਰ ਦੇ ਮੈਂਬਰ ਨੂੰ ਨੌਕਰੀ ਦਿੱਤੀ ਜਾਵੇ। ਪਰ ਹੁਣ ਤੱਕ ਕੋਈ ਵੀ ਜਵਾਬ ਨਾ ਆਉਣ ਕਰਨ ਇਹ ਪਰਿਵਾਰ ਅੱਜ ਵੀ ਮਾੜੇ ਆਰਥਿਕ ਹਾਲਾਤ ਨਾਲ ਜੂਝਦਾ ਹੋਇਆ ਦਿਨ-ਕੱਟੀ ਕਰਨ ਲਈ ਮਜਬੂਰ ਹੋ ਰਿਹਾ ਹੈ। ਜਦੋਂਕਿ ਪੰਜਾਬ ਸਰਕਾਰ ਦੀ ਇਸ ਪਰਿਵਾਰ ਨੂੰ ਨੌਕਰੀ ਦੇਣ ਦੀ ਜਿੰਮੇਵਾਰੀ ਬਣਦੀ ਹੈ।

ਹਲਕਾ ਵਿਧਾਇਕ ਅਤੇ ਜੈਨ ਮਹਾਵੀਰ ਸੰਘ ਦੇ ਚੇਅਰਮੈਨ ਨੇ ਕੀਤੀ ਪਰਿਵਾਰ ਦੀ ਸਹਾਇਤਾ ਕਰਨ ਦੀ ਮੰਗ

ਡਾ ਵਿਨੋਦ ਕੁਮਾਰ ਐਮੇਚਿਉਰ ਕਰਾਟੇ ਐਸੋਸੀਏਸ਼ਨ ਚੰਡੀਗੜ੍ਹ ਦੇ ਚੁਣੇ ਗਏ ਪ੍ਰਧਾਨ

ਚੰਡੀਗੜ੍ਹ/ਲੋਕ ਬਾਣੀ

ਐਮੇਚਿਓਰ ਕਰਾਟੇ ਐਸੋਸੀਏਸਨ ਚੰਡੀਗੜ੍ਹ ਦੀ ਜਨਰਲ ਬਾਡੀ ਮੀਟਿੰਗ ਆਯੋਜਿਤ ਕੀਤੀ ਗਈ ਜਿਸ ਵਿੱਚ 2021-25 ਦੀਆਂ ਚੋਣਾਂ ਹੋਈਆਂ। ਚੋਣ ਪ੍ਰਕਿਰਿਆ ਵਿੱਚ ਡਾ ਵਿਨੋਦ ਕੁਮਾਰ ਨੂੰ ਸਰਬਸੰਮਤੀ ਨਾਲ ਪ੍ਰਧਾਨ, ਰਾਹੁਲ ਤਲਵਾੜ ਨੂੰ ਸੀਨੀਅਰ ਮੀਤ ਪ੍ਰਧਾਨ, ਅੰਕੁਰ ਗੁਪਤਾ ਨੂੰ ਜਨਰਲ ਸਕੱਤਰ ਅਤੇ ਦੀਪਕ ਸਰਮਾ ਨੂੰ ਖਜਾਨਚੀ ਚੁਣਿਆ ਗਿਆ ਜਦੋਂ ਕਿ ਸੰਗੀਤਾ ਰਾਠੌਰ, ਵਿਕਰਮ ਸੈਣੀ ਅਤੇ ਅਸਵਨੀ ਕੁਮਾਰ ਨੂੰ ਮੀਤ ਪ੍ਰਧਾਨ ਚੁਣਿਆ ਗਿਆ। ਗੁਰਦੀਪ ਅਤੇ ਹਰਵਿੰਦਰ ਸਿੰਘ ਨੂੰ ਸੰਯੁਕਤ ਸਕੱਤਰ ਦੇ ਅਹੁਦੇ ਲਈ ਚੁਣਿਆ ਗਿਆ ਸੀ ਜਦੋਂ ਕਿ ਮੀਨੂੰ ਜਿੰਮਵਾਲ ਅਤੇ ਭੁਪਿੰਦਰ ਕੁਮਾਰ ਨੂੰ ਐਸੋਸੀਏਟ ਸੰਯੁਕਤ ਸਕੱਤਰ ਦੇ ਅਹੁਦੇ ਲਈ ਨਾਮਜਦ ਕੀਤਾ ਗਿਆ ਸੀ। ਰਵਿੰਦਰ ਤਲਵਾੜ ਨੂੰ ਐਸੋਸੀਏਸਨ ਦਾ ਚੇਅਰਮੈਨ ਚੁਣਿਆ ਗਿਆ। ਇਸ ਚੋਣ ਪ੍ਰਕਿਰਿਆ ਵਿੱਚ ਚੰਡੀਗੜ੍ਹ ਓਲੰਪਿਕ ਐਸੋਸੀਏਸਨ ਦੇ ਖਜਾਨਚੀ ਹਰੀਸ ਕੱਕੜ ਅਤੇ ਕਰਾਟੇ ਐਸੋਸੀਏਸਨ ਆਫ ਇੰਡੀਆ ਦੇ ਗੌਰਵ ਸਚਦੇਵਾ ਆਬਜਰਵਰ ਵਜੋਂ ਹਾਜਰ ਸਨ।

Happy Birthday
ਹਰਸ਼ੀਨ ਸਿੱਧੂ
(ਨਿਊ ਦਿੱਲੀ)

ਪੰਜਾਬ ਪੁਲਿਸ ਨੇ ਇੱਕ ਹੋਰ ਸੰਭਾਵੀ ਅੱਤਵਾਦੀ ਹਮਲਾ ਕੀਤਾ ਨਾਕਾਮ

ਚੰਡੀਗੜ੍ਹ/ਲੋਕ ਬਾਣੀ

ਵਿਦੇਸੀ ਅੱਤਵਾਦੀ ਸੰਗਠਨਾਂ ਨਾਲ ਜੁੜਿਆ ਅੱਤਵਾਦੀ ਸਰੂਪ ਸਿੰਘ ਜੋ ਕਿ ਤਰਨਤਾਰਨ ਦੇ ਪਿੰਡ ਜੌਹਲ ਧਾਈਵਾਲਾ ਦਾ ਰਹਿਣ ਵਾਲਾ ਹੈ, ਦੀ ਗ੍ਰਿਫ਼ਤਾਰੀ ਨਾਲ ਪੰਜਾਬ ਪੁਲਿਸ ਵੱਲੋਂ ਸਰਹੱਦੀ ਸੂਬੇ ਵਿੱਚ ਇੱਕ ਹੋਰ ਸੰਭਾਵੀ ਅੱਤਵਾਦੀ ਹਮਲੇ ਨੂੰ ਨਾਕਾਮ ਕਰ ਦਿੱਤਾ ਗਿਆ ਹੈ। ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਪੰਜਾਬ ਸ੍ਰੀ ਦਿਨਕਰ ਗੁਪਤਾ ਨੇ ਅੱਜ ਇੱਥੇ ਦੱਸਿਆ ਕਿ ਪੁਲਿਸ ਵੱਲੋਂ ਉਸ ਪਾਸੋਂ ਚੀਨ ਦੇ ਬਣੇ ਪੀ-86 ਮਾਰਕੇ ਦੇ 2 ਜੀਂਦਾ ਹੱਥਗੋਲੇ ਵੀ ਬਰਾਮਦ ਕੀਤੇ ਗਏ ਹਨ ਡੀਜੀਪੀ ਨੇ ਦੱਸਿਆ ਕਿ ਸਰੂਪ ਸਿੰਘ ਨੂੰ ਤਰਨਤਾਰਨ ਪੁਲਿਸ ਵੱਲੋਂ ਸੋਮਵਾਰ ਨੂੰ ਅੰਮ੍ਰਿਤਸਰ-ਹਰੀਕੇ ਰੋਡ 'ਤੇ ਇੱਕ ਚੌਕੀ ਵਿਖੇ ਸੱਕ ਦੇ ਆਧਾਰ 'ਤੇ ਫੜਿਆ ਗਿਆ ਸੀ।

ਇਹ ਗ੍ਰਿਫ਼ਤਾਰੀ ਉਸ ਸਮੇਂ ਹੋਈ ਹੈ ਜਦੋਂ ਪੰਜਾਬ ਵਿੱਚ ਹੱਥਗੋਲਿਆਂ ਅਤੇ ਆਰਡੀਐਕਸ ਨਾਲ ਭਰੇ ਟਿਫਿਨ ਬਾਕਸਾਂ ਤੋਂ ਇਲਾਵਾ ਹੋਰ ਹਥਿਆਰ ਅਤੇ ਗੋਲੀ ਸਿੱਕੇ ਦੀ ਬਰਾਮਦਗੀ ਹੋ ਰਹੀ ਹੈ, ਜੋ ਕਿ ਵਿਦੇਸ਼ ਆਧਾਰਤ ਅੱਤਵਾਦੀ ਆਗੂਆਂ ਅਤੇ ਦੇਸ ਵਿਰੋਧੀ ਅਨਸਰਾਂ ਵੱਲੋਂ ਸਰਹੱਦੀ ਸੂਬੇ ਦੀ ਸਾਂਤੀ ਅਤੇ ਭਾਈਚਾਰਕ ਸਾਂਝ ਨੂੰ ਭੰਗ ਕਰਨ ਦੀਆਂ ਵੱਡੀਆਂ ਕੋਸਸਿਾਂ ਦਾ ਸੰਕੇਤ ਹੈ।

ਜਕਿਰਯੋਗ ਹੈ ਕਿ ਇਸ ਤੋਂ ਪਹਿਲਾ ਵੀ 8 ਅਗਸਤ, 2021 ਨੂੰ, ਅੰਮ੍ਰਿਤਸਰ ਦਿਹਾਤੀ ਪੁਲਿਸ ਨੇ ਲੋਪੋਕੇ ਦੇ ਪਿੰਡ ਦੱਲੇਕੇ ਤੋਂ ਟਿਫਿਨ ਬੰਬ ਦੇ ਨਾਲ ਨਾਲ ਉਪਰੋਕਤ ਮਾਰਕੇ ਨਾਲ ਮਿਲਦੇ ਜੁਲਦੇ ਪੰਜ ਹੱਥਗੋਲੇ ਬਰਾਮਦ ਕੀਤੇ ਸਨ ਜਦੋਂ ਕਿ ਸਟੇਟ ਸਪੈਸਲ ਆਪਰੇਸਨ ਸੈੱਲ, ਅੰਮ੍ਰਿਤਸਰ ਵੱਲੋਂ ਵੀ 16 ਅਗਸਤ, 2021 ਨੂੰ ਅੰਮ੍ਰਿਤਪਾਲ ਸਿੰਘ ਅਤੇ ਸੰਮੀ ਕੋਲੋਂ ਹੋਰ ਹਥਿਆਰਾਂ ਸਮੇਤ ਉਪਰੋਕਤ ਮਾਰਕੇ ਅਤੇ ਮਾਡਲ (ਪੀ-86) ਦੇ ਦੋ ਹੱਥਗੋਲੇ ਬਰਾਮਦ ਕੀਤੇ ਗਏ ਸਨ। ਇਸੇ ਤਰ੍ਹਾਂ, ਕਪੂਰਥਲਾ ਪੁਲਿਸ ਵੱਲੋਂ 20 ਅਗਸਤ, 2021 ਨੂੰ ਫਗਵਾੜਾ ਤੋਂ ਗੁਰਮੁਖ ਸਿੰਘ ਬਰਾੜ ਅਤੇ ਉਸ ਦੇ ਸਾਥੀ ਪਾਸੋਂ ਇਸੇ ਤਰ੍ਹਾਂ ਦੇ ਦੋ ਜੀਂਦਾ ਹੱਥਗੋਲੇ, ਇੱਕ ਜੀਂਦਾ ਟਿਫਿਨ ਬੰਬ ਅਤੇ ਹੋਰ ਵਿਸਫੋਟਕ ਸਮੱਗਰੀ ਬਰਾਮਦ ਕੀਤੀ ਗਈ ਸੀ।

ਡੀਜੀਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਮੁੱਢਲੀ ਪੜਤਾਲ ਦੌਰਾਨ ਸਰੂਪ ਸਿੰਘ ਨੇ ਖੁਲਾਸਾ ਕੀਤਾ ਹੈ ਕਿ ਉਹ ਸੋਸਲ ਮੀਡੀਆ ਰਾਹੀਂ ਵਿਦੇਸੀ ਅਧਾਰਤ ਅੱਤਵਾਦੀ ਸੰਚਾਲਕਾਂ ਦੇ ਸੰਪਰਕ ਵਿੱਚ ਆਇਆ ਸੀ ਅਤੇ ਉਨ੍ਹਾਂ ਨੇ ਉਸ ਨੂੰ ਹੋਰ ਕੱਟੜਪੰਥੀ ਬਣਾਇਆ ਅਤੇ ਪੰਜਾਬ ਵਿੱਚ ਅੱਤਵਾਦੀ ਕਾਰਵਾਈਆਂ ਨੂੰ ਅੰਜ਼ਾਮ ਦੇਣ ਲਈ ਪ੍ਰੇਰਿਤ ਕੀਤਾ। ਡੀਜੀਪੀ ਨੇ ਦੱਸਿਆ ਕਿ ਸਰੂਪ ਨੇ ਅੱਗੇ ਖੁਲਾਸਾ ਕੀਤਾ ਕਿ ਉਸ ਦੇ ਵਿਦੇਸੀ ਸੰਚਾਲਕਾਂ ਨੇ ਉਸ ਲਈ 2 ਹੱਥਗੋਲਿਆਂ ਦੀ ਖੇਪ ਦਾ ਪ੍ਰਬੰਧ ਕੀਤਾ। ਉਹਨਾਂ ਅੱਗੇ ਦੱਸਿਆ ਕਿ ਸਰੂਪ ਪਹਿਲਾਂ ਹੀ ਅੰਮ੍ਰਿਤਸਰ ਅਤੇ ਲੁਧਿਆਣਾ ਵਿੱਚ ਕੁਝ ਸੰਵੇਦਨਸੀਲ ਟਾਰਗੇਟਾਂ ਦੀ ਰੈਕੀ ਕਰ ਚੁੱਕਾ ਸੀ। ਉਹਨਾਂ ਅੱਗੇ ਦੱਸਿਆ ਕਿ ਮੁਲਜਮ ਦੇ ਮੋਬਾਈਲ ਫੋਨ ਵਿੱਚੋਂ ਉਸ ਦੇ ਵਿਦੇਸੀ ਸੰਚਾਲਕਾਂ ਵੱਲੋਂ ਹੱਥਗੋਲੇ ਨੂੰ ਸਫਲਤਾਪੂਰਵਕ ਵਿਸਫੋਟ ਕਰਨ ਬਾਰੇ ਦੱਸਦੇ ਹੋਏ ਇੱਕ ਸਿਖਲਾਈ ਵੀਡੀਓ ਵੀ ਬਰਾਮਦ ਕੀਤੀ ਗਈ ਹੈ।

ਡੀਜੀਪੀ ਸ੍ਰੀ ਦਿਨਕਰ ਗੁਪਤਾ ਨੇ ਦੱਸਿਆ ਕਿ ਵਿਆਪਕ ਅੱਤਵਾਦੀ ਨੈੱਟਵਰਕ ਅਤੇ ਉਨ੍ਹਾਂ ਦੀਆਂ ਯੋਜਨਾਵਾਂ ਦਾ ਪਤਾ ਲਗਾਉਣ ਲਈ ਹੋਰ ਜਾਂਚ ਜਾਰੀ ਹੈ। ਮੁੱਢਲੀ ਜਾਂਚ ਤੋਂ ਇਹ ਵੀ ਪਤਾ ਲੱਗਦਾ ਹੈ ਕਿ ਇਹ ਸਾਰੀਆਂ ਖੇਪਾਂ ਸਰਹੱਦ ਪਾਰੋਂ ਵੱਖ-ਵੱਖ ਅੱਤਵਾਦੀ ਸੰਗਠਨਾਂ ਵੱਲੋਂ ਪੰਜਾਬ ਵਿੱਚ ਅੱਤਵਾਦੀ ਹਮਲਿਆਂ ਨੂੰ ਅੰਜਾਮ ਦੇਣ ਲਈ ਭੇਜੀਆਂ ਜਾ ਰਹੀਆਂ ਹਨ। ਇਸ ਦੌਰਾਨ, ਐਫਆਈਆਰ ਨੰਬਰ 217 ਮਿਤੀ 30 ਅਗਸਤ, 2021 ਨੂੰ ਵਿਸਫੋਟਕ ਪਦਾਰਥ (ਸੋਧ) ਐਕਟ ਦੀ ਧਾਰਾ 3, 4 ਅਤੇ 5 ਅਧੀਨ ਸਿਟੀ ਪੁਲਿਸ ਸਟੇਸਨ ਤਰਨਤਾਰਨ ਵਿਖੇ ਦਰਜ ਕੀਤੀ ਗਈ ਹੈ।

ਸਵਰਗ ਵਾਸੀ ਸ਼੍ਰੀ ਮਤੀ ਕਮਲੇਸ਼ ਰਾਣੀ ਜੀ ਦੀ ਯਾਦ ਵਿਚ ਸਪੋਰਟਸ ਯੂਥ ਆਗੂ ਆਸ਼ੂ ਧਾਰੀਵਾਲ ਵਲੋਂ ਮਿੱਲ ਗ੍ਰਾਉਡ ਵਿੱਚ ਜੂਨੀਅਰ ਕ੍ਰਿਕੇਟ ਟੂਰਨਾਮੈਂਟ ਕਰਵਾਇਆ

ਧਾਰੀਵਾਲ/ਰਾਜਨ ਬੱਬਰ

ਅੱਜ ਧਾਰੀਵਾਲ ਮਿੱਲ ਗ੍ਰਾਉਂਡ ਵਿੱਚ ਜੂਨੀਅਰ ਕ੍ਰਿਕੇਟ ਟੂਰਨਾਮੈਂਟ, Lion Of Judah Sports Club & Welfare Society ਧਾਰੀਵਾਲ (ਗੁਰਦਾਸਪੁਰ) ਵੱਲੋ ਕਰਵਾਇਆ ਗਿਆ। ਜਿਸ ਵਿਚ ਅੱਜ ਇਹ ਮੈਚ ਸਹੀਦ ਭਗਤ ਸਿੰਘ ਕਲੱਬ ਧਾਰੀਵਾਲ ਅਤੇ ਸ਼ੇਰੇ ਪੰਜਾਬ ਟੀਮ ਵਿਚਕਾਰ ਖੇਡਿਆ ਗਿਆ, ਸ਼ੇਰੇ ਪੰਜਾਬ ਟੀਮ ਨੇ ਬਹੁਤ ਵਧਿਆ ਮੈਚ ਦਾ ਪ੍ਰਦਸ਼ਨ ਦਿਖਾਂਦੇ ਹੋਏ ਜਿੱਤ ਹਾਸਿਲ ਕੀਤੀ ਤੇ ਟੀਮ ਦਾ ਹੌਸਲਾ ਵਧਾਇਆ, ਟੀਮ ਦਾ ਹੌਸਲਾ ਵਧਾਉਣ ਲਈ ਮੁੱਖ ਮਹਿਮਾਨ ਸ. ਵਜੀਰ ਸਿੰਘ ਲਾਲੀ ਵਾਈਸ ਚੇਅਰਮੈਨ ਇੰਡਸਟਰੀ ਡਵੇਲਪਮੈਂਟ ਕਾਰਪੋਰੇਸ਼ਨ, ਜੀ ਨੇ ਟੀਮ ਨੂੰ ਜਿੱਤ ਦੀ ਵਧਾਈ ਦਿੱਤੀ ਅਤੇ ਟੀਮ ਦਾ ਹੌਸਲਾ ਵਧਾਇਆ, ਅਤੇ ਓਹਨਾਂ ਕਿਹਾ ਕਿ ਆਉਣ ਵਾਲੀ ਪੀੜੀ ਨੂੰ ਕਿਸੇ ਨਾ ਕਿਸੇ ਸਪੋਰਟਸ ਨਾਲ ਜੁੜਨਾ ਚਾਹਿਦਾ ਹੈ ਤਾਂ ਜੋ ਓਹ ਮਾੜੀ ਸੰਗਤ ਅਤੇ ਨਸ਼ਿਆਂ ਤੋਂ ਬਚ ਸਕਣ ਅਤੇ ਪੰਜਾਬ ਦਾ ਨਾਮ ਰੋਸ਼ਨ ਕਰ ਸਕਣ, ਨਾਲ ਹੀ Lion Of Judah Sports Club & Welfare Society ਧਾਰੀਵਾਲ (ਗੁਰਦਾਸਪੁਰ) ਵਲੋਂ ਆਏ ਹੋਏ ਮੁਖ ਮਹਿਮਾਨਾਂ ਨੂੰ ਵਿਸ਼ੇਸ਼ ਸਨਮਾਨਿਤ ਕਿੱਤਾ ਗਿਆ , ਇਸ ਮੌਕੇ ਤੇ , ਨਰਿੰਦਰ ਸ਼ਰਮਾ ਜਰਨਲ ਸੇਕਟਰੀ ਕਾਂਗਰਸ, ਲਖਵਿੰਦਰ ਸਿੰਘ ਰਿਟਾਇਰਡ ਐਸ. ਡੀ.ਓ, ਜੋਗਾ ਸਿੰਘ ਆਲੋਵਾਲ, ਭੁਪਿੰਦਰ ਸਿੰਘ ਆਲੋਵਾਲ, ਬੰਟੀ, ਕਰਨ, ਗੌਗੀ ਆਦਿ ਹਾਜ਼ਿਰ ਸਨ

ਪੱਤੀ ਰੂਪਾ ਮੋਗਾ ਵਿਖੇ ਭਗਵਾਨ ਕ੍ਰਿਸ਼ਨ ਜਨਮ ਅਸ਼ਟਮੀ ਨੂੰ ਮੁੱਖ ਰੱਖਦੇ ਹੋਏ ਸ੍ਰੀ ਕ੍ਰਿਸ਼ਨ ਭਜਨ ਮੰਡਲੀ ਵੱਲੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਦੀ ਪੂਜਾ ਅਤੇ ਗੁਣਗਾਨ ਕੀਤਾ ਗਿਆ ਇਸ ਮੌਕੇ ਸੁੰਦਰ ਝਾਕੀਆਂ ਵੀ ਪੇਸ਼ ਕੀਤੀਆਂ ਗਈਆਂ।

ਆਮ ਆਦਮੀ ਪਾਰਟੀ ਨੇ ਕਿਸਾਨਾਂ 'ਤੇ ਹੋਏ ਅੱਤਿਆਚਾਰਾਂ ਖ਼ਿਲਾਫ਼ ਕੀਤਾ ਭਾਜਪਾ ਸਰਕਾਰ ਦਾ ਪੁਤਲਾ ਫੂਕ ਪ੍ਰਦਰਸ਼ਨ

ਸੰਵਿਧਾਨਕ ਹੱਕਾਂ ਦੀ ਰਾਖੀ ਅਤੇ ਦੋਸ਼ੀ ਅਧਿਕਾਰੀਆਂ ਖ਼ਿਲਾਫ਼ ਕਾਰਵਾਈ ਲਈ ਦੀ ਕੀਤੀ ਮੰਗ

ਮੋਗਾ/ਦਵਿੰਦਰ ਸਿੰਘ ਬਿੱਟੂ

ਕਰਨਾਲ ਵਿੱਚ ਸ਼ਾਂਤਮਈ ਧਰਨਾਕਾਰੀ ਕਿਸਾਨਾਂ 'ਤੇ ਪੁਲੀਸ ਵੱਲੋਂ ਕੀਤੇ ਅੱਤਿਆਚਾਰਾਂ ਦੇ ਰੋਸ ਵਜੋਂ ਆਮ ਆਦਮੀ ਪਾਰਟੀ (ਆਪ) ਜਿਲ੍ਹਾ ਮੋਗਾ ਵੱਲੋਂ 31 ਅਗਸਤ ਦਿਨ ਮੰਗਲਵਾਰ ਨੂੰ ਹਰਿਆਣਾ ਦੀ ਖੱਟਰ ਸਰਕਾਰ ਅਤੇ ਕੇਂਦਰ ਦੀ ਨਰਿੰਦਰ ਮੋਦੀ ਸਰਕਾਰ ਖ਼ਿਲਾਫ਼ ਰੋਸ ਪ੍ਰਦਰਸ਼ਨ ਕੀਤਾ ਗਿਆ।

ਪਾਰਟੀ ਦਫ਼ਤਰ ਤੋਂ ਜਾਰੀ ਬਿਆਨ ਰਾਹੀਂ 'ਆਪ' ਦੇ ਜਿਲ੍ਹਾ ਪ੍ਰਧਾਨ ਹਰਮਨਜੀਤ ਸਿੰਘ ਦਿਦਾਰੇਵਾਲਾ ਨੇ ਕਿਹਾ, 'ਹਰਿਆਣਾ ਦੇ ਕਰਨਾਲ 'ਚ ਕਿਸਾਨਾਂ 'ਤੇ ਪੁਲੀਸ ਵੱਲੋਂ ਕੀਤੇ ਅੰਨ੍ਹੇ ਤਸ਼ੱਦਦ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਹਰਿਆਣਾ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਜ਼ਿੰਮੇਵਾਰ ਹਨ, ਕਿਉਂਕਿ ਨਰਿੰਦਰ ਮੋਦੀ ਅਤੇ ਖੱਟਰ ਸਰਕਾਰ ਕਿਸਾਨਾਂ ਦੀ ਆਵਾਜ਼ ਸੁਣਨ ਦੀ ਬਜਾਏ ਕਿਸਾਨਾਂ ਦੀ ਆਵਾਜ਼ ਨੂੰ ਤਾਲਿਬਾਨ ਤਸ਼ੱਦਦ ਨਾਲ ਦਬਾਉਣਾ ਚਾਹੁੰਦੀ ਹੈ।' ਅਮ੍ਰਿਤਪਾਲ ਸਿੰਘ ਸਿੱਧੂ ਹਲਕਾ ਇੰਚਾਰਜ ਬਾਘਾਪੁਰਾਣਾ ਨੇ ਕਿਹਾ ਕਿ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦੇ ਹੁਕਮਾਂ 'ਤੇ ਹਰਿਆਣਾ ਪੁਲੀਸ ਵੱਲੋਂ ਕਿਸਾਨਾਂ 'ਤੇ ਕੀਤੇ ਲਾਠੀਚਾਰਜ ਕਾਰਨ ਇੱਕ ਕਿਸਾਨ ਦੀ ਮੌਤ ਹੋ ਗਈ ਹੈ ਅਤੇ 10 ਤੋਂ ਜ਼ਿਆਦਾ ਕਿਸਾਨ ਗੰਭੀਰ ਜ਼ਖ਼ਮੀ ਹੋਏ ਹਨ। ਸ਼ਹੀਦ ਹੋਏ ਕਿਸਾਨ ਸੁਸ਼ੀਲ ਕਾਜਲ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਦਵਿੰਦਰਜੀਤ ਸਿੰਘ ਲਾਡੀ ਢੋਸ ਹਲਕਾ ਇੰਚਾਰਜ ਧਰਮਕੋਟ ਨੇ ਕਿਹਾ ਕਿ ਕਿਸਾਨੀ ਸੰਘਰਸ਼ ਦੌਰਾਨ ਸ਼ਹੀਦੀਆਂ ਪਾਉਣ ਵਾਲੇ ਕਿਸਾਨਾਂ-ਮਜ਼ਦੂਰਾਂ ਦਾ ਬਲੀਦਾਨ ਅਜਾਈਂ ਨਹੀਂ ਜਾਵੇਗਾ। ਇਨ੍ਹਾਂ ਸਮੂਹ ਸ਼ਹੀਦਾਂ ਦਾ ਨਾਂਅ ਸੁਨਹਿਰੇ ਅੱਖਰਾਂ 'ਚ ਲਿਖਿਆ ਜਾਵੇਗਾ। ਨਰਿੰਦਰ ਮੋਦੀ ਅਤੇ ਖੱਟਰ ਸਰਕਾਰ ਦੀ ਅਲੋਚਨਾ ਕਰਦਿਆਂ ਨਵਦੀਪ ਸੰਘਾ ਹਲਕਾ ਇੰਚਾਰਜ ਮੋਗਾ ਨੇ ਕਿਹਾ, "ਭਾਰਤ ਲੋਕਤੰਤਰ ਦੇਸ਼ ਹੈ, ਜੋ ਕਿ ਸੰਵਿਧਾਨ ਅਨੁਸਾਰ ਚੱਲਦਾ ਹੈ। ਦੇਸ਼ ਦੇ ਕਿਸਾਨ ਆਪਣੀਆਂ ਹੱਕੀਂ ਮੰਗਾਂ ਲਈ ਭਾਰਤੀ ਸੰਵਿਧਾਨ ਰਾਹੀਂ ਮਿਲੇ ਰੋਸ ਪ੍ਰਦਰਸ਼ਨ ਦੇ ਹੱਕ ਦੀ ਵਰਤੋਂ ਕਰਕੇ ਸੰਘਰਸ਼ ਕਰ ਰਹੇ ਹਨ, ਪਰ ਭਾਰਤੀ ਜਨਤਾ ਪਾਰਟੀ ਦੀਆਂ ਸਰਕਾਰਾਂ ਕਿਸਾਨਾਂ ਦੇ ਸੰਵਿਧਾਨਕ ਹੱਕਾਂ 'ਤੇ ਵੀ ਡਾਕੇ ਮਾਰ ਰਹੀਆਂ ਹਨ। ਭਾਜਪਾ ਸਰਕਾਰਾਂ ਨਾਗਰਿਕਾਂ ਤੋਂ ਸੰਵਿਧਾਨ ਹੱਕ ਖੋਹ ਕੇ ਲੋਕਤੰਤਰ ਦੀ ਹੱਤਿਆ ਕਰ ਰਹੀਆਂ ਹਨ।" ਜਸਟਿਡ ਜੋਰਾ ਸਿੰਘ ਪ੍ਰਧਾਨ ਲੀਗਲ਼ ਸੈਲ (ਮੋਗਾ) ਨੇ ਕਿਹਾ ਕਿ ਆਮ ਆਦਮੀ ਪਾਰਟੀ ਆਪਣੀ ਹੋਂਦ ਤੋਂ ਹੀ ਕਿਸਾਨਾਂ, ਮਜ਼ਦੂਰਾਂ ਅਤੇ ਆਮ ਲੋਕਾਂ ਨਾਲ ਖੜੀ ਹੈ। ਉਨ੍ਹਾਂ ਨੇ ਭਾਰਤੀ ਸਰਕਾਰ ਨੂੰ ਚਣੌਤੀ ਦਿੰਦਿਆਂ ਕਿਹਾ ਕਿ ਕਰਨਾਲ ਵਿੱਚ ਕਿਸਾਨਾਂ 'ਤੇ ਲਾਠੀਚਾਰਜ ਕਰਨ ਦੇ ਹੁਕਮ ਦੇਣ ਵਾਲੇ ਐਸ.ਡੀ.ਐਮ ਅਤੇ ਪੁਲੀਸ ਅਧਿਕਾਰੀਆਂ ਨੂੰ ਤੁਰੰਤ ਨੌਕਰੀ ਤੋਂ ਬਰਖ਼ਾਸਤ ਕਰਕੇ ਉਨ੍ਹਾਂ ਖ਼ਿਲਾਫ਼ ਕਤਲ ਦਾ ਮਾਮਲਾ ਦਰਜ ਕੀਤਾ ਜਾਵੇ ਤਾਂ ਕਿ ਭਵਿੱਖ ਵਿੱਚ ਕੋਈ ਵੀ ਅਧਿਕਾਰੀ-ਕਰਮਚਾਰੀ ਆਪਣੇ ਸਿਆਸੀ ਆਕਾ ਨੂੰ ਖ਼ੁਸ਼ ਕਰਨ ਲਈ ਆਮ ਨਾਗਰਿਕਾਂ 'ਤੇ ਜ਼ੁਲਮ ਢਾਹੁਣ ਤੋਂ ਪਹਿਲਾਂ ਦਸ ਬਾਰ ਸੋਚੇ। ਇਸ ਮੌਕੇ ਅਮਨ ਰਖਰਾ, ਦੀਪਕ ਸਮਾਲਸਰ, ਤੇਜਿੰਦਰ ਬਰਾੜ, ਅਵਤਾਰ ਬੰਟੀ, ਹਰਮੇਲ ਸਿੰਘ, ਪਿਆਰਾ ਸਿੰਘ, ਸੰਜੀਵ ਕੋਛੜ, ਜਸਵਿੰਦਰ ਸਿੱਧੂ, ਵਰਿੰਦਰ ਰਤੀਆਂ, ਨਸੀਬ ਬਾਵਾ, ਸੁਖਦੀਪ ਧਾਮੀ, ਮਨਪ੍ਰੀਤ ਰਿੰਕੂ, ਡਾ. ਅਮਨ ਅਰੋੜਾ, ਰਮਨ ਮਿੱਤਲ, ਜਗਵੰਤ ਬੈਂਸ, ਸੰਦੀਪ ਧਾਲੀਵਾਲ, ਸੁਖਦਰਸ਼ਨ ਸਿੰਘ, ਪਰਮਜੀਤ ਬੁੱਟਰ, ਦੀਪ ਦਾਰਪੁਰ, ਸ਼ੈਰੀ ਗਿੱਲ, ਕਮਲਜੀਤ ਕੌਰ ਆਦਿ ਆਗੂ ਮੌਜੂਦ ਸਨ।

ਸਿੱਧੂ ਦੀ ਬਿਆਨਬਾਜੀ ਤੋਂ ਲੱਗਦਾ ਹੈ ਕਿ ਜਿਵੇਂ ਉਹ ਵਿਰੋਧੀ ਧਿਰ ਦੇ ਨੇਤਾ ਹੋਣ : ਕਾਲੜਾ

ਸੰਗਰੂਰ/ਵਰਮਾ

ਕਾਂਗਰਸ ਦੀ ਅੰਦਰੂਨੀ ਲੜਾਈ ਨੇ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਇੱਕ ਦਿਨ ਦੇ ਪ੍ਰਸਤਾਵਿਤ ਵਿਧਾਨ ਸਭਾ ਸੈਸ਼ਨ ਨੂੰ ਵਧਾ ਕੇ ਘੱਟੋ-ਘੱਟ 10 ਦਿਨ ਦਾ ਕੀਤਾ ਜਾਵੇ। ਲੋਕਾਂ ਦੀਆਂ ਮੁਸ਼ਕਿਲਾਂ ਅਤੇ ਅਹਿਮ ਮੁੱਦਿਆਂ ਤੇ ਖੁੱਲ੍ਹ ਕੇ ਬਹਿਸ ਹੋ ਸਕੇ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪ੍ਰਦੇਸ਼ ਕੋਆਰਡੀਨੇਟਰ ਭਾਜਪਾ ਸੈੱਲ ਪੰਜਾਬ ਜਤਿੰਦਰ ਕਾਲੜਾ ਨੇ ਕੀਤਾ। ਉਨ੍ਹਾਂ ਕਿਹਾ ਕਿ ਕਾਂਗਰਸ ਦੇ ਪ੍ਰਧਾਨ ਤੋਂ ਲੈ ਕੇ ਕਈ ਮੰਤਰੀ ਅਤੇ ਵਿਧਾਇਕ ਤੱਕ ਇਸ ਨਾਰਾਜ਼ਗੀ ਨੂੰ ਜ਼ਾਹਿਰ ਕਰ ਚੁੱਕੇ ਹਨ ਕਿ ਉਨ੍ਹਾਂ ਦੀ ਸਰਕਾਰ ਵਾਅਦੇ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਫੇਲ੍ਹ ਹੋ ਚੁੱਕੀ ਹੈ। ਪੰਜਾਬ ਕਾਂਗਰਸ ਪ੍ਰਧਾਨ ਨਵਜੋਤ ਸਿੰਘ ਸਿੱਧੂ ਡਰਾਮੇਬਾਜ਼ੀ ਕਰਕੇ ਲੋਕਾਂ ਦਾ ਧਿਆਨ ਸਰਕਾਰ ਦੀਆਂ ਅਸਫਲਤਾਵਾਂ ਤੋਂ ਹਟਾਉਣਾ ਚਾਹੁੰਦੇ ਹਨ। ਸਿੱਧੂ ਨੂੰ ਇੱਕ ਹਫਤੇ ਤੱਕ ਵਿਧਾਨ ਸਭਾ ਸੈਸ਼ਨ ਅਤੇ ਬਿਜਲੀ ਸਮਝੌਤੇ ਨੂੰ ਰੱਦ ਕਰਵਾਉਣ ਦਾ ਕਾਨੂੰਨ ਪਾਸ ਕਰਵਾਉਣ ਵਰਗੀਆਂ ਮੰਗਾਂ ਮੀਡੀਆ ਵਿੱਚ ਰੱਖਣ ਦੀ ਬਜਾਏ ਪਾਰਟੀ ਦੇ ਪਲੇਟਫਾਰਮ ਤੇ ਰੱਖ ਕੇ ਮਨਵਾਉਣੀਆਂ ਚਾਹੀਦੀਆਂ ਹਨ। ਕਾਲੜਾ ਨੇ ਕਿਹਾ ਕਿ ਇਹ ਸਭ ਇੱਕੋ ਥੈਲੀ ਦੇ ਚੱਟੇ-ਬੱਟੇ ਹਨ ਅਤੇ ਸਿੱਧੂ ਦੀਆਂ ਹਾਸੋਹੀਣੀਆਂ ਹਰਕਤਾਂ ਤੋਂ ਅਜਿਹਾ ਲੱਗਦਾ ਹੈ ਕਿ ਨਵਜੋਤ ਸਿੰਘ ਸਿੱਧੂ ਕਾਂਗਰਸ ਦੇ ਪ੍ਰਧਾਨ ਨਾ ਹੋ ਕੇ ਕਿਸੇ ਵਿਰੋਧੀ ਪਾਰਟੀ ਵੱਲੋਂ ਬਿਆਨਬਾਜੀ ਕਰ ਰਹੇ ਹਨ। ਕਾਂਗਰਸ ਦੀ ਅੰਦਰੂਨੀ ਲੜਾਈ ਨੇ ਪੰਜਾਬ ਨੂੰ ਬਰਬਾਦ ਕਰਕੇ ਰੱਖ ਦਿੱਤਾ ਹੈ। ਜਿਸ ਨਾਲ ਸੂਬੇ ਦਾ ਸਾਲ ਪਿੱਛੇ ਚਲਿਆ ਗਿਆ ਹੈ।



ਧਾਰਮਿਕ ਸਮਾਗਮ ਦੌਰਾਨ ਟ੍ਰੈਫਿਕ ਨੂੰ ਸੁਚਾਰੂ ਬਣਾਉਣ ਲਈ ਟ੍ਰੈਫਿਕ ਪੁਲਿਸ ਦੀ ਕਾਰਗੁਜ਼ਾਰੀ ਰਹੀ ਅਹਿਮ

ਸੁਨਾਮ/ਵਰਮਾ

ਸਥਾਨਕ ਟ੍ਰੈਫਿਕ ਪੁਲਿਸ ਵੱਲੋਂ ਟ੍ਰੈਫਿਕ ਇੰਚਾਰਜ਼ ਅਸ਼ੋਕ ਕੁਮਾਰ ਦੀ ਅਗਵਾਈ ਹੇਠ ਦਰਬਾਰ ਸ਼੍ਰੀ ਗੁੱਗਾ ਮਾੜੀ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਗਏ ਸਲਾਨਾ ਧਾਰਮਿਕ ਸਮਾਗਮ ਗੁੱਗਾ ਨੌਮੀ ਦੌਰਾਨ ਟ੍ਰੈਫਿਕ ਵਿਵਸਥਾ ਨੂੰ ਸੁਚਾਰੂ ਰੂਪ ਵਿੱਚ ਬਣਾਏ ਰੱਖਣ ਲਈ ਆਪਣੀ ਡਿਊਟੀ ਬਾਖੂਬੀ ਅਦਾ ਕੀਤੀ।

ਟ੍ਰੈਫਿਕ ਇੰਚਾਰਜ਼ ਅਸ਼ੋਕ ਕੁਮਾਰ ਨੇ ਕਿਹਾ ਕਿ ਅੱਜ ਗੁੱਗਾ ਮਾੜੀ ਪ੍ਰਬੰਧਕ ਕਮੇਟੀ ਵੱਲੋਂ ਆਯੋਜਿਤ ਕੀਤੇ ਗਏ ਸਲਾਨਾ ਧਾਰਮਿਕ ਸਮਾਗਮ ਦੇ ਚਲਦਿਆਂ ਇਸ ਮਾਰਗ ਤੋਂ ਲੰਘਣ ਵਾਲੇ ਆਮ ਟ੍ਰੈਫਿਕ ਨੂੰ ਹੋਰ ਰਾਸਤਿਆਂ ਤੋਂ ਸੁਚਾਰੂ ਬਣਾਇਆ ਗਿਆ ਸੀ ਤਾਂ ਜੋ ਦਰਬਾਰ ਤੇ ਨਤਮਸਤਕ ਹੋਣ ਆਏ ਸ਼ਰਧਾਲੂਆਂ ਨੂੰ ਟ੍ਰੈਫਿਕ ਦਾ ਸਾਹਮਣਾ ਨਾ ਕਰਨਾ ਪਵੇ ਅਤੇ ਇਸ ਦੌਰਾਨ ਸਮਾਗਮ ਦੇ ਮੱਦੇਨਜ਼ਰ ਵਾਹਨ ਚਾਲਕਾਂ ਨੇ ਵੀ ਆਪਣਾ ਭਰਪੂਰ ਸਹਿਯੋਗ ਦਿੱਤਾ। ਉਹਨਾਂ ਦੱਸਿਆ ਕਿ ਟ੍ਰੈਫਿਕ ਪੁਲਿਸ ਹਰ ਸਮੇਂ ਸ਼ਹਿਰ ਵਾਸੀਆਂ ਦੀ ਸੇਵਾ ਵਿੱਚ ਹਾਜ਼ਰ ਰਹਿੰਦਾ ਹੈ ਅਤੇ ਅੱਜ ਵੀ ਇਸ ਸਮਾਗਮ ਦੌਰਾਨ ਕਿਸੇ ਵੀ ਵਾਹਨ ਚਾਲਕ ਜਾਂ ਰਾਹਗੀਰ ਨੂੰ ਕੋਈ ਸਮੱਸਿਆ ਪੇਸ਼ ਨਹੀਂ ਆਉਣ ਦਿੱਤੀ ਅਤੇ ਹਾਦਸਿਆਂ ਤੋਂ ਬਚਾਉਣ ਲਈ ਸਮੇਂ-ਸਮੇਂ ਤੇ ਲੋਕਾਂ ਨੂੰ ਟ੍ਰੈਫਿਕ ਨਿਯਮਾਂ ਪ੍ਰਤੀ ਵੀ ਜਾਗਰੂਕ ਕੀਤਾ ਜਾਂਦਾ ਹੈ। ਇਸ ਮੌਕੇ ਏ.ਐਸ.ਆਈ. ਦੀਪਕ ਕੁਮਾਰ, ਏ.ਐਸ.ਆਈ. ਜਰਨੈਲ ਸਿੰਘ, ਏ.ਐਸ.ਆਈ. ਭੁਪਿੰਦਰ ਸਿੰਘ ਨੇ ਵੀ ਆਪਣੀ ਡਿਊਟੀ ਵਧੀਆ ਢੰਗ ਨਾਲ ਨਿਭਾਈ।

ਭੰਡਾਲ ਬੇਟ ਵਿੱਚ ਕਿਰਤੀ ਕਿਸਾਨ ਯੂਨੀਅਨ ਦੀ ਮੀਟਿੰਗ ਵਿੱਚ ਅਹਿਮ ਵਿਚਾਰਾਂ

ਕਪੂਰਥਲਾ/ਲੋਕ ਬਾਣੀ

ਕਿਰਤੀ ਕਿਸਾਨ ਯੂਨੀਅਨ ਦੀ ਇੱਕ ਜਰੂਰੀ ਮੀਟਿੰਗ ਤਰਸੇਮ ਸਿੰਘ ਬੰਨਾਮਲ ਜ਼ਿਲਾ ਜਨਰਲ ਸਕੱਤਰ ਦੀ ਅਗਵਾਈ ਵਿੱਚ ਕਸਬਾ ਭੰਡਾਲ ਬੇਟ ਵਿਖੇ ਹੋਈ। ਇਸ ਮੀਟਿੰਗ ਵਿੱਚ ਕਿਸਾਨੀ ਮੁੱਦਿਆਂ ਤੇ ਵਿਚਾਰ -ਵਟਾਂਦਰਾ ਕੀਤਾ ਗਿਆ। ਇਸ ਮੌਕੇ ਨਵੀ ਯੂਥ ਕਮੇਟੀ ਦੀ ਚੋਣ ਕੀਤੀ ਗਈ। ਮੀਟਿੰਗ ਵਿੱਚ ਸੂਬਾ ਪ੍ਰਧਾਨ ਭੁਪਿੰਦਰ ਸਿੰਘ ਲੌਂਗੋਵਾਲ , ਜਿਲਾ ਪ੍ਰਧਾਨ ਕਿਰਤੀ ਕਿਸਾਨ ਯੂਨੀਅਨ ਬਲਵਿੰਦਰ ਸਿੰਘ ਭੁੱਲਰ, ਜ਼ਿਲਾ ਜਨਰਲ ਸਕੱਤਰ ਤਰਸੇਮ ਸਿੰਘ ਬੰਨੇਮਲ, ਜ਼ਿਲਾ ਕਮੇਟੀ ਮੈਂਬਰ ਕਰਮ ਸਿੰਘ, ਬੂਟਾ ਸਿੰਘ ਸ਼ਾਦੀਪੁਰ ਅਤੇ ਹੋਰ ਆਗੂਆਂ ਨੂੰ ਕਿਸਾਨਾ ਨੂੰ ਸੰਬੋਧਨ ਕੀਤਾ। ਇਸ ਮੌਕੇ ਨਵੀਂ ਕਮੇਟੀ ਚੁਣੀ ਗਈ, ਜਿਸ ਵਿੱਚ ਭੁਪਿੰਦਰ ਸਿੰਘ ਮਾਂਗੇਵਾਲ ਕਨਵੀਨਰ ਅਤੇ ਜਗਦੀਪ ਸਿੰਘ ਭੰਡਾਲ ਕੋ ਕਨਵੀਨਰ ਯੂਥ ਵਿੰਗ ਕਿਰਤੀ ਕਿਸਾਨ ਯੂਨੀਅਨ ਚੁਣੇ ਗਏ। ਇਸ ਮੌਕੇ ਬਿਕਰਮਜੀਤ ਸਿੰਘ, ਗੁਰਪਾਲ ਸਿੰਘ, ਕੁਲਵਿੰਦਰ ਸਿੰਘ, ਬਲਜੀਤ ਸਿੰਘ, ਦਲਬੀਰ ਸਿੰਘ ,ਰਜਿੰਦਰ ਸਿੰਘ ਢਿਲਵਾਂ, ਇੰਦਰਜੀਤ ਸਿੰਘ, ਗੁਰਵਿੰਦਰ ਸਿੰਘ, ਜਸਪਾਲ ਸਿੰਘ, ਸਰੂਪ ਸਿੰਘ, ਸੁਖਚੈਨ ਸਿੰਘ ਬਾਜਾ, ਹਰਪਿੰਦਰ ਸਿੰਘ ਨੂਰਪੁਰ, ਇੰਦਰਜੀਤ ਸਿੰਘ ਰਾਜਪੁਰ, ਹਰਜਿੰਦਰ ਸਿੰਘ ਹਾਰਨੀਵਾਲ, ਦਲਜੀਤ ਸਿੰਘ, ਗੁਰਵਿੰਦਰ ਸਿੰਘ ਸੰਗੋਜਲਾ, ਗੁਰਜੀਤ ਸਿੰਘ ਭੰਡਾਲ, ਹਰਵਿੰਦਰ ਸਿੰਘ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਹਾਜਿਰ ਸਨ।

'ਸੱਚ ਤੇ ਨਿਡਰ ਆਵਾਜ਼'
Mob:- 99155-94111
ਹਰ ਖ਼ਬਰ ਤੇ ਸਾਡੀ ਨਜ਼ਰ
ਰੋਜ਼ਾਨਾ
ਲੋਕ ਬਾਣੀ
ਕਰਾਂਗੇ ਪੰਜਾਬ ਦੇ
ਹੱਕ ਦੀ ਗੱਲ
ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਤੇ ਲਾਠੀਚਾਰਜ ਦੇ ਵਿਰੋਧ ਵਿੱਚ ਖੱਟਰ ਦਾ ਪੁਤਲਾ ਫੂਕਿਆ

ਮੋਗਾ/ਦਵਿੰਦਰ ਸਿੰਘ ਬਿੱਟੂ

ਤਿੰਨ ਕਾਲੇ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦੀ ਮੰਗ ਸਬੰਧੀ ਸੰਯੁਕਤ ਕਿਸਾਨ ਮੋਰਚਾ ਵੱਲੋਂ ਨੌਂ ਮਹੀਨਿਆਂ ਤੋਂ ਵੀ ਵੱਧ ਸਮੇਂ ਤੋਂ ਕਿਸਾਨ ਅੰਦੋਲਨ ਚਲਾਇਆ ਜਾ ਰਿਹਾ ਹੈ ਬੀਤੇ ਦਿਨ ਹਰਿਆਣਾ ਦੇ ਕਰਨਾਲ ਨੇੜੇ ਨੈਸ਼ਨਲ ਹਾਈਵੇਅ 44 ਤੇ ਸਥਿੱਤ ਬਸਤਾੜਾ ਟੌਲ ਪਲਾਜ਼ਾ ਤੇ ਹਰਿਆਣਾ ਪੁਲਸ ਵੱਲੋਂ ਸ਼ਾਂਤਮਈ ਅੰਦੋਲਨਕਾਰੀ ਕਿਸਾਨਾਂ ਤੇ ਕੀਤੇ ਗਏ ਲਾਠੀਚਾਰਜ ਦੀ ਸਾਥੀ ਅਮਰਜੀਤ ਸਿੰਘ ਬਸਤੀ ਚਿਰਾਗ ਸ਼ਾਹ ਵਾਲੀ ਪ੍ਰਧਾਨ ਜ਼ਿਲ੍ਹਾ ਮੋਗਾ ਆਲ ਇੰਡੀਆ ਕਿਸਾਨ ਸਭਾ ਪੰਜਾਬ ਵੱਲੋਂ ਕਰੜੇ ਸ਼ਬਦਾਂ ਦੇ ਵਿੱਚ ਦੇ ਵਿੱਚ ਨਿਖੇਧੀ ਕਰਦਿਆਂ ਹੋਇਆਂ ਕਿਹਾ ਕਿ ਆਪਣੀਆਂ ਮੰਗਾਂ ਸਬੰਧੀ ਅੰਦੋਲਨ ਕਰਨਾ ਤੇ ਸਰਕਾਰ ਦਾ ਵਿਰੋਧ ਕਰਨਾ ਕਿਸਾਨਾਂ ਦਾ ਲੋਕਤੰਤਰ ਅਤੇ ਸੰਵਿਧਾਨਕ ਅਧਿਕਾਰ ਹੈ ਲੋਕਤੰਤਰ ਸਰਕਾਰਾਂ ਨੂੰ ਪਰਜਾ ਨਾਲ ਕਿਸੇ ਤਰ੍ਹਾਂ ਦੇ ਗੈਰ ਮਨੁੱਖੀ ਵਤੀਰੇ ਦੀ ਇਜਾਜ਼ਤ ਨਹੀਂ ਦਿੰਦਾ ਅਮਰਜੀਤ ਨੇ ਕਿਹਾ ਕਿ ਭਾਰਤ ਸਰਕਾਰ ਕਿਸਾਨਾਂ ਦੇ ਅੰਦੋਲਨ ਨੂੰ ਪੁਲੀਸ ਦੀ ਤਾਕਤ ਨਾਲ ਦਬਾਉਣਾ ਚਾਹੁੰਦੀ ਹੈ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ ਤੇ ਪਿੰਡ ਸ਼ੇਰਪੁਰ ਤਾਇਬਾਂ ਵਿਖੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਦਾ ਪੁਤਲਾ ਫੂਕਿਆ ਗਿਆ ਇਸ ਮੌਕੇ ਤੇ ਸਾਥੀ ਅਮਰਜੀਤ ਸਿੰਘ ਨੇ ਗੱਲਬਾਤ ਕਰਦਿਆਂ ਹੋਇਆਂ ਕਿਹਾ ਕੇ ਗੱਲਬਾਤ ਚ ਲੋਕਤੰਤਰ ਜ਼ਰੀਏ ਰਹੀ ਇਸ ਦਾ ਸਮਾਧਾਨ ਕਰਨ ਵਿਚ ਕਾਮਯਾਬ ਹੋ ਸਕਦੀ ਹੈ ਲੋਕਤੰਤਰ ਵਿੱਚ ਜਨਤਾ ਦੇ ਉੱਤੇ ਅੰਨ੍ਹਾ ਤਸ਼ੱਦਦ ਕਰਨ ਦੀ ਕੋਈ ਜਗ੍ਹਾ ਨਹੀਂ ਹੈ ਸਾਥੀ ਅਮਰਜੀਤ ਸਿੰਘ ਦਾ ਕਹਿਣਾ ਹੈ ਕਿ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟੜ ਦੇ ਵਿਚ ਹਿਟਲਰ ਦੀ ਆਤਮਾ ਆ ਵਸੀ ਹੈ ਹਰਿਆਣੇ ਦੇ ਮੁੱਖ ਮੰਤਰੀ ਮਨੋਹਰ ਲਾਲ ਖੱਟਰ ਕਿਸਾਨਾਂ ਤੋਂ ਮੁਆਫੀ ਮੰਗ ਕੇ ਉਨ੍ਹਾਂ ਦੇ ਗੁੱਸੇ ਨੂੰ ਸ਼ਾਂਤ ਕਰਨਾ ਚਾਹੀਦਾ ਹੈ ਤਾਂ ਜੋ ਉਨ੍ਹਾਂ ਦੇ ਜ਼ਖ਼ਮਾਂ ਤੇ ਕੁਝ ਹੱਦ ਤੱਕ ਮੱਲ੍ਹਮ ਲਗਾਉਣ ਦਾ ਕੰਮ ਕਰ ਸਕੇ ਸਾਥੀ ਅਮਰਜੀਤ ਸਿੰਘ ਦਾ ਇਥੇ ਇਹ ਵੀ ਕਹਿਣਾ ਹੈ ਕਿ ਆਪਣੇ ਹੱਕਾਂ ਲਈ ਸੰਘਰਸ਼ ਕਰ ਰਹੇ ਕਿਸਾਨਾਂ ਦੇ ਉੱਪਰ ਭਾਜਪਾ ਹਕੂਮਤ ਵੱਲੋਂ ਅੰਨ੍ਹੇਵਾਹ ਲਾਠੀਚਾਰਜ ਕਰਨਾ ਅਤੇ ਬੁਖਲਾਹਟ ਵਿੱਚ ਆ ਕੇ ਵਿਰੋਧੀ ਕਾਰਵਾਈਆਂ ਅਤੇ ਖ਼ੂਨ ਖ਼ਰਾਬਾ ਕਰਕੇ ਕਿਸਾਨਾਂ ਦੇ ਮਨੋਬਲ ਨੂੰ ਤੋੜਨਾ ਚਾਹੁੰਦੀ ਹੈ ਜਿਸ ਵਿੱਚ ਉਹ ਕਦੇ ਵੀ ਕਾਮਯਾਬ ਨਹੀਂ ਹੋ ਸਕਦੀ ਇਸ ਮੌਕੇ ਤੇ ਉਨ੍ਹਾਂ ਦੇ ਨਾਲ ਕਸਮੀਰ ਸਿੰਘ ਰੇਸ਼ਮ ਸਿੰਘ ਜਸਵੰਤ ਸਿੰਘ ਕੁਲਵੰਤ ਸਿੰਘ ਜੋਗਿੰਦਰ ਸਿੰਘ ਆਦਿ ਹਾਜ਼ਰ ਸਨ।

ਕੋਲਡ ਡਰਿੰਕ ਅਤੇ ਆਈਸਕ੍ਰੀਮ ਦਾ ਲਗਾਇਆ ਲੰਗਰ

ਸੁਨਾਮ/ਗੁਰਵਿੰਦਰ ਗੰਢੂਆਂ

ਜਨਮ ਅਸ਼ਟਮੀ ਦੇ ਸ਼ੁਭ ਦਿਹਾੜੇ ਨੂੰ ਮੁੱਖ ਰੱਖਦਿਆਂ ਹੋਇਆ ਸ਼ਹੀਦ ਭਗਤ ਸਿੰਘ ਮਾਰਕੀਟ ਸੁਨਾਮੀ ਗੇਟ ਸੰਗਰੂਰ ਵੱਲੋਂ ਆਈਸਕਰੀਮ ਅਤੇ ਕੋਲਡ ਡਰਿੰਕ ਦੀ ਸੇਵਾ ਕੀਤੀ ਗਈ । ਜਿਸ ਵਿਚ ਵਿਸ਼ੇਸ਼ ਤੌਰ ਤੇ ਪੰਜਾਬ ਟਰੇਡਰਜ਼ ਬੋਰਡ ਦੇ ਵਾਈਸ ਚੇਅਰਮੈਨ ਅਤੇ ਸਮਾਜ ਸੇਵੀ ਸਰਦਾਰ ਅਮਰਜੀਤ ਸਿੰਘ ਟੀਟੂ ਨੇ ਪਹੁੰਚ ਕੇ ਭਗਵਾਨ ਨੂੰ ਪ੍ਰਸ਼ਾਦ ਲਗਵਾਉਣ ਤੋਂ ਬਾਅਦ ਲੰਗਰ ਨੂੰ ਸ਼ੁਰੂ ਕਰਵਾਇਆ ਅਤੇ ਉਨ੍ਹਾਂ ਵੱਲੋਂ ਵੀ ਭਗਤਾਂ ਨੂੰ ਲੰਗਰ ਵਰਤਾਇਆ ਗਿਆ ।ਇਸ ਮੌਕੇ ਸਰਦਾਰ ਟੀਟੂ ਨੇ ਬੋਲਦੇ ਹੋਏ ਕਿਹਾ ਕਿ ਜਨਮ ਅਸ਼ਟਮੀ ਦੇ ਸ਼ੁਭ ਦਿਹਾੜੇ ਤੇ ਮੈਂ ਸਾਰੇ ਸੰਗਰੂਰ ਵਾਸੀਆਂ ਨੂੰ ਵਧਾਈ ਦਿੰਦਾ ਹਾਂ ਅਤੇ ਲੋਕਾਂ ਨੂੰ ਇਹੀ ਸੁਨੇਹਾ ਦਿੰਦਾ ਹਾਂ ਕਿ ਭਗਵਾਨ ਸ੍ਰੀ ਕ੍ਰਿਸ਼ਨ ਦੇ ਦਿੱਤੇ ਹੋਏ ਰਾਹ ਤੇ ਚੱਲੋ ਅਤੇ ਆਪਣੇ ਅੰਦਰ ਦੀਆਂ ਬੁਰਾਈਆਂ ਨੂੰ ਦੂਰ ਕਰੋ ਇਸ ਮੌਕੇ ਸਰਦਾਰ ਟੀਟੂ ਨੇ ਸ਼ਹੀਦ ਭਗਤ ਸਿੰਘ ਮਾਰਕੀਟ ਦੇ ਸੱਜਣਾਂ ਦਾ ਹੌਂਸਲਾ ਵਧਾਉਂਦੇ ਹੋਏ ਕਿਹਾ ਕਿ ਇਹ ਉਨ੍ਹਾਂ ਵੱਲੋਂ ਬਹੁਤ ਹੀ ਵਧੀਆ ਉਪਰਾਲਾ ਕੀਤਾ ਜਾ ਰਿਹਾ ਹੈ ਅਤੇ ਹਰੇਕ ਭਾਈਚਾਰੇ ਵੱਲੋਂ ਸਮੇਂ ਸਮੇਂ ਸਿਰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ ਇਸ ਸਮੇਂ ਉਨ੍ਹਾਂ ਨਾਲ ਸ਼ਹੀਦ ਭਗਤ ਸਿੰਘ ਮਾਰਕੀਟ ਦੇ ਮੋਹਤਬਰ ਸੱਜਣ ਅਤੇ ਵਪਾਰੀ ਮੌਜੂਦ ਸਨ।

ਗੋਲਡਨ ਐਜੂਕੇਸ਼ਨ ਧਰਮਕੋਟ ਨੇ ਲਗਵਾਇਆ ਸਿਮਰਨਜੀਤ ਕੌਰ ਦਾ ਕੈਨੇਡਾ ਸਟੱਡੀ ਵੀਜ਼ਾ

ਧਰਮਕੋਟ/ਦਵਿੰਦਰ ਸਿੰਘ ਬਿੱਟੂ

ਗੋਲਡਨ ਐਜੂਕੇਸਨ ਸੰਸਥਾ ਵੱਖ ਵੱਖ ਦੇਸਾਂ ਦੇ ਵੀਜ਼ੇ ਲਗਵਾ ਕੇ ਲੋਕਾਂ ਦੇ ਸੁਪਨਿਆਂ ਨੂੰ ਸਾਕਾਰ ਕਰ ਰਹੀ ਹੈ .ਇਸੇ ਤਹਿਤ ਹੀ ਸੰਸਥਾ ਵੱਲੋਂ ਸਿਮਰਨਜੀਤ ਕੌਰ ਵਾਸੀ ਕੜਿਆਲ ਦਾ ਕੈਨੇਡਾ ਸਟੱਡੀ ਵੀਜ਼ਾ ਲਗਵਾ ਕੇ ਦਿੱਤਾ ਹੈ। ਸੰਸਥਾ ਦੀ ਡਾਇਰੈਕਟਰ ਹਰਪ੍ਰੀਤ ਕੌਰ ਅਰੋੜਾ ਅਤੇ ਸੁਭਾਸ ਪਲਤਾ ਨੇ ਕਿਹਾ ਕਿ ਵਿਦੇਸ ਵਿੱਚ ਪੜ੍ਹਾਈ ਕਰਨ ਦੇ ਚਾਹਵਾਨ ਕਿਸੇ ਵੀ ਵਿਦਿਆਰਥੀ ਨੂੰ ਨਿਰਾਸ ਹੋਣ ਦੀ ਲੋੜ ਨਹੀਂ ਹੈ ਕਿਉਕਿ ਸੰਸਥਾ ਵੱਲੋਂ ਬਹੁਤ ਹੀ ਵਧੀਆ ਤਰੀਕੇ ਨਾਲ ਫਾਇਲ ਤਿਆਰ ਕੀਤੀ ਜਾਂਦੀ ਹੈ ਤੇ ਵਧੀਆ ਤਰੀਕੇ ਨਾਲ ਤਿਆਰ ਕੀਤੇ ਕੇਸ ਨਾਲ ਕਿਸੇ ਨੂੰ ਵੀਜਾ ਲਗਵਾਉਣ ਵਿਚ ਮੁਸਕਲ ਨਹੀਂ ਆਉਂਦੀ . ਉਹਨਾ ਵਿਦਿਆਰਥੀ ਨੂੰ ਵੀਜ਼ਾ ਸੌਂਪਦਿਆਂ ਵਧਾਈ ਦਿੱਤੀ ਅਤੇ ਚੰਗੇ ਭਵਿੱਖ ਦੀ ਕਾਮਨਾ ਕੀਤੀ ਤੇ ਉਨ੍ਹਾਂ ਦੱਸਿਆ ਕਿ ਕੈਨੇਡਾ ਕਾਲਜ ਮੌਨਟ੍ਰਿਆਲ ਦੇ ਵੀਜ਼ੇ ਵੀ ਆਉਣੇ ਸ਼ੁਰੂ ਹੋ ਗਏ ਹਨ . ਉਹਨਾ ਦੱਸਿਆ ਕਿ ਸੰਸਥਾ ਦੀ ਇਕੋ ਛੱਤ ਹੇਠ ਹਵਾਈ ਟਿਕਟਾਂ, ਵੈਸਟਰਨ ਯੂਨੀਅਨ, ਆਈਲਸ, ਇੰਮੀਗ੍ਰੇਸਨ, ਪੀ.ਟੀ.ਈ, ਇੰਡੋ-ਕਨੇਡੀਅਨ ਬੱਸ ਬੁਕਿੰਗ ਅਤੇ ਪਾਸਪੋਰਟ ਅਪਲਾਈ ਦੀ ਸੁਵਿਧਾ ਵੀ ਦਿੱਤੀ ਜਾ ਰਹੀ ਹੈ . ਇਸ ਮੌਕੇ ਉਨ੍ਹਾਂ ਨਾਲ ਅਮਰਿੰਦਰ ਸਿੰਘ ਸੈਂਡੀ, ਅਮਨਦੀਪ ਸਿੰਘ, ਅਮਨਪ੍ਰੀਤ ਕੌਰ ਕੁਆਰਡੀਨੇਟਰ, ਕੁਲਬੀਰ ਕੌਰ, ਮਹਿਕਪਰੀਤ ਕੌਰ,ਮਨਪ੍ਰੀਤ ਕੌਰ,ਮਨਵੀਰ ਕੌਰ, ਲਵਲੀਨ ਕੌਰ,ਸੁਖਦੀਪ ਕੌਰ,ਪ੍ਰਦੀਪ ਸਿੰਘ, ਗੁਰਪ੍ਰੀਤ ਸਿੰਘ ਮਨੀ ਤੋਂ ਇਲਾਵਾ ਸੰਸਥਾ ਦਾ ਸਮੁੱਚਾ ਸਟਾਫ ਹਾਜਰ ਸੀ।

■ ਕੈਨੇਡਾ ਕਾਲਜ ਮੌਨਟ੍ਰਿਆਲ ਦੇ ਆਏ ਵੀਜ਼ੇ : ਡਾਇਰੈਕਟਰ ਅਰੋੜਾ, ਪਲਤਾ

3 ਐਸੇਟ ਕਲਾਸ ਵਿੱਚ ਨਿਵੇਸ ਕਰਨ ਦਾ ਲਾਭ ਪ੍ਰਾਪਤ ਕਰੋ ਸਾਡੇ ਇੱਕ ਫੰਡ ਨਾਲ

ਲੁਧਿਆਣਾ/ਲੋਕ ਬਾਣੀ

ਜਿਵੇਂ-ਜਿਵੇਂ ਐਸੇਟ ਕਲਾਸ ਦੇ ਜੇਤੂ ਬਦਲਦੇ ਰਹਿੰਦੇ ਹਨ, ਉਸੇ ਤਰਾਂ ਐਸੇਟ ਐਲੋਕੇਸ਼ਨ ਵੈਲਥ ਕਰਿਏਸ਼ਨ ਲਈ ਮਹੱਤਵਪੂਰਨ ਹੁੰਦਾ ਜਾਂਦਾ ਹੈ। ਐਚਡੀਐਫਸੀ ਮਲਟੀ -ਐਸੇਟ ਫੰਡ, ਜੋ ਤਿੰਨ ਐਸੇਟ ਕਲਾਸਾਂ ਨਿਵੇਸ ਕਰਦਾ ਹੈ। ਇਕੁਇਟੀ, ਰਿਣ ਅਤੇ ਗੋਲਡ, ਦਾ ਉਦੇਸ ਨਿਵੇਸਕਾਂ ਦੀ ਐਸੇਟ ਐਲੋਕੇਸ਼ਨ ਦੀਆਂ ਜਰੂਰਤਾਂ ਨੂੰ ਪੂਰਾ ਕਰਨਾ ਹੈ। ਇਕੁਇਟੀ ਦਾ ਉਦੇਸ ਪੂੰਜੀ ‘ਚ ਵਾਧਾ ਪ੍ਰਦਾਨ ਕਰਨਾ ਹੈ, ਰਿਣ ਦਾ ਉਦੇਸ ਪੋਰਟਫੋਲੀਓ ਨੂੰ ਸਥਿਰਤਾ ਪ੍ਰਦਾਨ ਕਰਨਾ ਹੈ, ਅਤੇ ਗੋਲਡ ਇੱਕ ਸੰਭਾਵਤ ਸੁਰੱਖਿਅਤ ਪ੍ਰਦਾਨ ਕਰਨ ਵਾਲੀ ਐਸੇਟ ਕਲਾਸ ਹੈ, ਜੋ ਮਹਿੰਗਾਈ ਅਤੇ ਮੁਦਰਾ ਅਵਮੁੱਲਯਨ ਤੋਂ ਬਚਾਅ ਵੀ ਪ੍ਰਦਾਨ ਕਰਦਾ ਹੈ। ਇਹ ਸਕੀਮ ਕੁੱਲ ਸੰਪਤੀ ਦਾ 10% ਤੋਂ 30% ਰਿਣ ਉਪਕਰਣਾਂ ਵਿਚ ਅਤੇ 10% ਤੋਂ 30% ਦੇ ਵਿਚਕਾਰ ਸੋਨੇ ਨਾਲ ਸਬੰਧਤ ਸਾਧਨਾਂ ਵਿੱਚ ਨਿਵੇਸ ਕਰਦੀ ਹੈ।

ਐਚਡੀਐਫਸੀ ਐਸੇਟ ਮੈਨੇਜਮੈਂਟ ਕੰਪਨੀ ਲਿਮਿਟੇਡ (ਐਚਡੀਐਫਸੀ ਏਐਮਸੀ) ਦੇ ਸੀਨੀਅਰ ਫੰਡ ਮੈਨੇਜਰ ਸ੍ਰੀ ਅਮਿਤ ਗਨਾਤਰਾ ਨੇ ਕਿਹਾ, “ਵਿਸਵਵਿਆਪੀ ਅਤੇ ਘਰੇਲੂ ਵਿਕਾਸ ਦੀਆਂ ਸੰਭਾਵਨਾਵਾਂ ਅਨੁਕੂਲ ਮੁਦਰਾ ਅਤੇ ਵਿੱਤੀ ਨੀਤੀਆਂ, ਮੰਗ ਦੀ ਰਿਕਵਰੀ, ਟੀਕਾਕਰਨ ਮੁਹਿੰਮ ਅਤੇ ਕਾਰਪੋਰੇਟ ਮੁਨਾਫੇ ਵਿੱਚ ਤਬਦੀਲੀ ਨਾਲ ਉਤਸਾਹਤ ਹੋਈਆਂ ਹਨ। ਭਾਰਤ ਵਿੱਚ - ਕੋਵਿਡ -19 ਤੋਂ ਬਾਅਦ ਕਾਰਪੋਰੇਟ ਕਮਾਈ ਦਾ ਚੱਕਰ ਬਦਲ ਗਿਆ ਹੈ, ਅਤੇ ਇੱਕ ਮਜਬੂਤ ਕਮਾਈ ਚੱਕਰ ਨਿਵੇਸਕਾਂ ਲਈ ਇੱਕ ਐਸੇਟ ਕਲਾਸ ਦੇ ਰੂਪ ਵਿਚ ਇਕੁਇਟੀ ਵਿੱਚ ਹਿੱਸਾ ਲੈਣ ਦੇ ਮੌਕੇ ਪੈਦਾ ਕਰ ਰਿਹਾ ਹੈ। ਹਾਲਾਂਕਿ, ਤੀਜੀ ਕੋਵਿਡ -19 ਲਹਿਰ ਦੇ ਕਾਰਨ ਅਨਿਸਚਿਤਤਾਵਾਂ ਵੀ ਹਨ, ਸੰਭਾਵਤ ਤੌਰ ਤੇ ਉੱਚ ਮੁਦਰਾਸਫਿਤੀ ਅਤੇ ਉੱਚ ਮੁਲਾਂਕਣ ਮਜਬੂਤ ਮਾਰਕੀਟ ਦੇ ਬਾਅਦ ਰਿਕਵਰੀ ਦੀ ਸਥਿਰਤਾ ਵੀ ਹੈ। ਇਸ ਤਰ੍ਹਾਂ ਦੇ ਮਾਹੌਲ ਵਿੱਚ, ਨਿਵੇਸਕਾਂ ਨੂੰ ਸੰਪਤੀ ਦੀ ਵੰਡ ਦੀ ਰਣਨੀਤੀ ‘ਤੇ ਵਿਚਾਰ ਕਰਨਾ ਚਾਹੀਦਾ ਹੈ ਕਿਉਂਕਿ ਉਹ ਨਾ ਸਿਰਫ ਇਕੁਇਟੀ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਂਦੇ ਹਨ, ਬਲਕਿ ਰਿਣ ਅਤੇ ਸੋਨੇ ਵਰਗੀਆਂ ਹੋਰ ਸੰਪਤੀ ਸ੍ਰੇਣੀਆਂ ਦੇ ਖੇਤਰ ਵਿੱਚ ਜੋਖਮ ਤੋਂ ਵੀ ਸੁਰੱਖਿਅਤ ਰਹਿਣਾ ਚਾਹੁੰਦੇ ਹਨ ।

PB 32 LOUNGE AND BAR
PB-32
LOUNGE & BAR
PB-32
LOUNGE & BAR
M-85569-55644, 7888534947
CHD ROAD, Nawanshahr Mandi,
Nawanshahr - 144514, NEAR SUTLEJ CINEMA

ਹਿੰਦੂ ਮੰਦਿਰ ਐਕਟ ਹਰ ਹਿੰਦੂ ਦਾ ਅਧਿਕਾਰ ਹੈ : ਰਿਸ਼ੂ ਗਰਗ

ਰਾਮਾਂ ਮੰਡੀ/ਅਨਿਲ ਜੈਨ

ਵਿਧਾਨ ਸਭਾ ਚੋਣਾਂ 2016 ਤੋਂ ਪਹਿਲਾਂ ਕੈਪਟਨ ਅਮਰਿੰਦਰ ਸਿੰਘ ਵਲੋਂ ਕ ਹਿੰਦੂ ਸਮਾਜ ਨਾਲ ਕੀਤੇ ਗਏ ਵਾਅਦੇ 'ਹਿੰਦੂ ਮੰਦਿਰ ਐਕਟ' ਨੂੰ ਪੂਰਾ ਨਹੀਂ ਕੀਤਾ ਗਿਆ ਜਿਸ ਕਾਰਨ ਹਿੰਦੂ ਸਮਾਜ ਵਿਚ ਪੰਜਾਬ ਸਰਕਾਰ ਦੇ ਪ੍ਰਤਿ ਰੋਸ ਵੇਖਣ ਨੂੰ ਮਿਲ ਰਿਹਾ ਹੈ । ਇਸ ਮਸਲੇ ਬਾਰੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਭਾਜਪਾ ਯੁਵਾ ਮੋਰਚਾ ਜਿਲਾ ਬਠਿੰਡਾ ਦੇ ਪ੍ਰਧਾਨ ਰਿਸ਼ੂ ਗਰਗ ਨੇ ਕਿਹਾ ਕਿ ਪੰਜਾਬ ਵਿਧਾਨਸਭਾ ਚੋਣਾਂ 2016 ਤੋਂ ਪਹਿਲਾਂ ਕਾਂਗਰਸ ਪਾਰਟੀ ਵਲੋਂ ਕੀਤਾ ਵਾਅਦਾ 'ਹਿੰਦੂ ਮੰਦਿਰ ਐਕਟ' ਅਜੇ ਤੱਕ ਪੂਰਾ ਨਹੀ ਕੀਤਾ ਗਿਆ। ਉਹਨਾਂ ਕਿਹਾ ਕਿ ਪਿਛਲੀ ਵਾਰ ਹਿੰਦੁਆਂ ਨੇ ਤੁਹਾਡੇ ਤੇ ਭਰੋਸਾ ਕਰਕੇ ਤੁਹਾਨੂੰ ਵੋਟਾਂ ਪਾਈਆਂ ਪਰ ਸਰਕਾਰ ਬਨਣ ਦੇ ਸਾਢੇ ਚਾਰ ਸਾਲ ਬੀਤਣ ਤੋਂ ਬਾਅਦ ਵੀ ਅਜੇ ਤੱਕ ਮੰਦਿਰ ਐਕਟ ਨੂੰ ਅਮਲ ਵਿਚ ਲਿਆਉਣ ਲਈ ਕੋਈ ਯਤਨ ਨਹੀਂ ਕੀਤਾ ਗਿਆ। ਰਿਸ਼ੂ ਗਰਗ ਨੇ ਇਸ ਗੱਲ ਬਾਰੇ ਵਿਸਤਾਰ ਵਿੱਚ ਦਸਦੇ ਹੋਏ ਕਿਹਾ ਕਿ ਜੇਕਰ ਹਿੰਦੂ ਐਕਟ ਪਾਸ ਹੁੰਦੇ ਹਨ ਤਾਂ ਸਨਾਤਨ ਸਮਾਜ ਪੰਜਾਬ ਵਿੱਚ ਆਪਣੇ ਗਰੀਬ ਵਰਗ ਲਈ ਮੰਦਿਰਾਂ ਰਾਹੀਂ ਸਹਾਇਤਾ ਮੁਹੱਈਆ ਕਰਵਾ ਸਕਦਾ ਹੈ। ਜਿਸ ਤਰ੍ਹਾਂ ਦੂਸਰੇ ਧਰਮਾਂ ਦੇ ਲੋਕ ਆਪਣੇ ਧਰਮ ਸਥਾਨਾਂ ਦਾ ਪੈਸਾ ਆਪਣੇ ਸਮਾਜ ਦੇ ਲੋਕਾਂ ਦੀ ਬੇਹਤਰੀ ਤੇ ਖਰਚ ਕਰਦੇ ਹਨ। ਉਸੇ ਤਰ੍ਹਾਂ ਸਨਾਤਨ ਸਮਾਜ ਨੂੰ ਵੀ ਇਸ ਤਰ੍ਹਾਂ ਦਾ ਫਾਇਦਾ ਹੋਣਾ ਚਾਹੀਦਾ ਹੈ। ਜੋ ਕਿ ਹਿੰਦੂ ਧਰਮ ਦਾਨ ਐਕਟ- 1951 ਦੇ ਅਧੀਨ ਸਰਕਾਰਾਂ ਨੇ ਸਟੇਟ ਨੂੰ ਅਧਿਕਾਰ ਦੇ ਦਿੱਤਾ ਗਿਆ ਸੀ ਕਿ ਬਿਨ੍ਹਾਂ ਕਿਸੇ ਕਾਰਨ ਦਸੇ ਉਹ ਕਿਸੇ ਵੀ ਮੰਦਿਰ ਨੂੰ ਆਪਣੇ ਅਧੀਨ ਕਰ ਸਕਦੇ ਹਨ। ਇਸ ਕਾਨੂੰਨ ਕਰਕੇ ਹੀ ਆਂਧਰਾ ਪ੍ਰਦੇਸ ਨੇ ਲਗਭਗ 34 ਹਜਾਰ ਮੰਦਿਰਾਂ ਨੂੰ ਆਪਣੇ ਅਧੀਨ ਕਰ ਦਿੱਤਾ ਸੀ। ਤਿਰੁਪਤੀ ਬਾਲਾਜੀ ਮੰਦਿਰ ਦੀ ਸਲਾਨਾ ਕਮਾਈ ਲਗਭਗ 3500 ਕਰੋੜ ਰੁਪਏ ਸੀ ਪਰੰਤੂ ਮੰਦਿਰ ਨੂੰ ਸਿਰਫ 7 ਪ੍ਰਤੀਸਤ ਮੰਦਿਰ ਦੀ ਰੱਖ ਰਖਾਵ ਲਈ ਮਿਲਦਾ ਹੈ। ਮੰਦਿਰਾਂ ਨੂੰ ਮਿਲਣ ਵਾਲੇ ਚੜ੍ਹਾਵੇ ਦੀ ਰਕਮ 80 ਪ੍ਰਤੀਸਤ ਗੈਰ ਧਾਰਮਿਕ ਕੰਮਾਂ ਲਈ ਖਰਚ ਹੁੰਦੀ ਹੈ, ਇਸ ਕਾਰਨ ਲਗਭਗ 50 ਹਜਾਰ ਮੰਦਿਰਾਂ ਦੀ ਦੇਖ ਭਾਲ ਨਾਂ ਹੋਣ ਕਾਰਨ ਉਹ ਮੰਦਰ ਖੰਡਰ ਬਣ ਕੇ ਬੰਦ ਹੋ ਚੁੱਕੇ ਹਨ। ਉਹਨਾਂ ਕਿਹਾ ਕਿ ਸਰਕਾਰਾਂ ਦਾ ਧਰਮਿਕ ਸੰਸਥਾਵਾਂ ਦੇ ਉਪਰ ਕੰਟ੍ਰੋਲ ਦੁਨੀਆ ਦੇ ਕਿਸੇ ਵੀ ਦੇਸ ਵਿੱਚ ਨਹੀਂ ਹੈ। ਸਰਕਾਰ ਮੰਦਰਾਂ ਦੇ ਫੰਡਾਂ ਦੀ ਦੁਰਵਰਤੋ ਕਰ ਰਹੀਆਂ ਹਨ ਇਸ ਲਈ ਮੰਦਿਰ ਐਕਟ ਪੰਜਾਬ ਵਿੱਚ ਲਾਗੂ ਹੋਣਾ ਚਾਹੀਦਾ ਹੈ। ਰਿਸ਼ੂ ਗਰਗ ਨੇ ਅੱਗੇ ਇਸ ਗੱਲ ਬਾਰੇ ਵਿਚਾਰ ਕਰਦੇ ਕਿਹਾ ਕਿ ਮੰਦਰਾਂ ਦੇ ਚੜ੍ਹਾਵੇ ਨਾਲ ਸਰਕਾਰ ਆਪਣਾ ਫਾਇਦਾ ਕਰਦੀ ਹੈ। ਦੇਸ ਵਿੱਚ 9 ਲੱਖ ਮੰਦਰਾਂ ਵਿੱਚੋਂ 4 ਲੱਖ ਮੰਦਰ ਸਰਕਾਰ ਅਧੀਨ ਹਨ, ਜੋ ਕਿ ਸਾਡੇ ਸਮਾਜ ਦੇ ਕੰਮਾਂ ਅਤੇ ਸਮਾਜ ਦੀ ਭਲਾਈ ਲਈ ਨਹੀਂ ਵਰਤੇ ਜਾ ਰਹੇ , ਜਿਸ ਕਾਰਨ ਸਮਾਜ ਖਿੰਡ ਰਿਹਾ ਹੈ ਅਤੇ ਲੋਕ ਧਰਮ ਪਰਿਵਰਤਨ ਕਰ ਰਹੇ ਹਨ। ਪੰਜਾਬ ਵਿੱਚ ਕਈ ਸਕਤੀਪੀਠ ਇਸ ਐਕਟ ਕਰਕੇ ਪੰਜਾਬ ਸਰਕਾਰ ਅਧੀਨ ਆਉਂਦੇ ਹਨ। ਇਸ ਕਰਕੇ ਮੰਦਿਰਾਂ ਦੀ ਰਾਸੀ ਦਾ ਰਾਜਨੀਤਿਕ ਦਲ ਗਲਤ ਫਾਇਦਾ ਚੁੱਕਦੇ ਹਨ ਇਸ ਕਾਰਨ ਸਨਾਤਨ ਧਰਮ ਕਮਜੋਰ ਹੁੰਦਾ ਜਾ ਰਿਹਾ ਹੈ। ਉਹਨਾਂ ਕਿਹਾ ਕਿ ਸੰਪੂਰਨ ਸਨਾਤਨ ਧਰਮ ਅਤੇ ਹਿੰਦੂ ਸਮਾਜ ਦੇ ਲੋਕਾਂ ਵਲੋ ਸਰਕਾਰ ਨੂੰ ਇਹ ਅਪੀਲ ਕਰਦੇ ਹਣ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਿੰਦੂ ਮੰਦਿਰ ਐਕਟ ਜਲਦ ਤੋਂ ਜਲਦ ਪੰਜਾਬ ਵਿੱਚ ਲਾਗੂ ਕਰਨ ਤਾਂਕਿ ਮੰਦਰਾਂ ਵਿੱਚ ਚੜਾਵੇ ਦੀ ਰਕਮ ਨੂੰ ਹਿੰਦੂ ਸਮਾਜ ਦੇ ਲੋਕਾਂ ਦੀ ਬੇਹਤਰੀ ਤੇ ਖਰਚ ਕੀਤਾ ਜਾ ਸਕੇ ।

ਠੇਕਾ ਸ਼ਰਾਬ ਦੇ 2 ਕਰਿੰਦਿਆਂ ਨੂੰ ਘੇਰ ਕੇ ਖੋਹੇ 20 ਹਜ਼ਾਰ ਰੁਪਏ ਕੀਤੀ ਕੁੱਟਮਾਰ, ਦੋਸ਼ੀ ਹੋਏ ਫਰਾਰ

ਬਰਨਾਲਾ/ਰਮਨਦੀਪ ਧਾਲੀਵਾਲ

ਬਰਨਾਲਾ ਸਹਿਰ ਅੰਦਰ ਝਪਟਮਾਰਾਂ ਦੇ ਹੌਂਸਲੇ ਇੰਨ੍ਹੇਂ ਬੁਲੰਦ ਹੋ ਚੁੱਕੇ ਹਨ, ਕਿ ਲੰਘੀ ਰਾਤ ਸ਼ਰਾਬ ਠੇਕੇ ਦੇ 2 ਕਰਿੰਦਿਆਂ ਨੂੰ 8/9 ਵਿਅਕਤੀਆਂ ਨੇ ਰਾਹ ਵਿੱਚ ਘੇਰਿਆ ਅਤੇ ਬੇਰਹਿਮੀ ਨਾਲ ਕੁੱਟਮਾਰ ਕਰਕੇ, ਉਨਾਂ ਤੋਂ 20 ਹਜ਼ਾਰ ਰੁਪਏ ਖੋਹ ਕੇ ਫਰਾਰ ਹੋ ਗਏ। ਗੰਭੀਰ ਰੂਪ ਵਿੱਚ ਜਖਮੀ ਹੋਏ ਦੋਵੇਂ ਕਰਿੰਦਿਆਂ ਨੂੰ ਇਲਾਜ ਲਈ ਸਿਵਲ ਹਸਪਤਾਲ ਬਰਨਾਲਾ ਵਿਖੇ ਦਾਖਿਲ ਕਰਵਾਇਆ ਗਿਆ। ਪੁਲਿਸ ਨੇ ਜਖਮੀਆਂ ਦੇ ਬਿਆਨ ਅਤੇ ਮੈਡੀਕਲ ਰਿਪੋਰਟ ਦੇ ਅਧਾਰ ਤੇ 8/9 ਦੋਸ਼ੀਆਂ ਦੇ ਖਿਲਾਫ ਕੇਸ ਦਰਜ਼ ਕੀਤਾ ਗਿਆ ਹੈ। ਦਿਲ ਦਹਿਲਾ ਦੇਣ ਵਾਲੀ ਇਹ ਘਟਨਾ ਐਤਵਾਰ ਦੀ ਰਾਤ ਕਰੀਬ ਸਾਢੇ 9 ਵਜੇ ਵਾਪਰੀ। ਹਸਪਤਾਲ ਵਿਖੇ ਦਾਖਿਲ ਬੇਹੱਦ ਸਹਿਮੇ ਹੋਏ ਹਰਦੀਪ ਸਿੰਘ ਅਤੇ ਅਰਸ਼ਦੀਪ ਨੇ ਦੱਸਿਆ ਕਿ ਉਹ ਦੋਵੇਂ ਸਬਜ਼ੀ ਮੰਡੀ ਬਰਨਾਲਾ ਵਿਖੇ ਸ਼ਰਾਬ ਦੇ ਠੇਕੇ ਦੇ ਕਰਿੰਦੇ ਦੇ ਤੌਰ ਤੇ ਕੰਮ ਕਰਦੇ ਹਨ। ਲੰਘੀ ਰਾਤ ਕਰੀਰ ਸਾਢੇ 9 ਵਜੇ ਉਹ ਦੋਵੇਂ ਮੋਟਰਸਾਇਕਲ ਤੇ ਸਵਾਰ ਹੋ ਕੇ ਠੇਕੇਦਾਰਾਂ ਦੇ ਦਫਤਰ ਵੱਲ ਠੇਕੇ ਦੀ ਵਿਕਰੀ ਦਾ 20 ਹਜ਼ਾਰ ਰੁਪਏ ਜਮ੍ਹਾ ਕਰਵਾਉਣ ਲਈ ਜਾ ਰਹੇ ਸਨ। ਰਾਸਤੇ ਵਿੱਚ ਪਹਿਲਾਂ ਤੋਂ ਘਾਤ ਲਗਾਈ ਖੜ੍ਹੇ ਸੰਦੀਪੀ ਪੰਡਿਤ ਅਤੇ ਉਸ ਦੇ ਭਰਾ ਰਾਜਾ ਪੰਡਿਤ ਵਾਸੀ ਕਿਲਾ ਮੁਹੱਲਾ ਬਰਨਾਲਾ ਨੇ ਆਪਣੇ 6/7 ਹੋਰ ਅਣਪਛਾਤੇ ਸਾਥੀਆਂ ਸਮੇਤ , ਉਨਾਂ ਨੂੰ ਘੇਰ ਲਿਆ ਅਤੇ ਕੈਸ਼ ਦੇਣ ਲਈ ਕਿਹਾ, ਵਿਰੋਧ ਕਰਨ ਤੇ ਸਾਰੇ ਦੋਸ਼ੀਆਂ ਨੇ ਉਨਾਂ ਦੀ ਬੇਰਹਿਮੀ ਨਾਲ ਕੁੱਟਮਾਰ ਸ਼ੁਰੂ ਕਰ ਦਿੱਤੀ ਅਤੇ 20 ਹਜ਼ਾਰ ਰੁਪਏ ਦੀ ਨਗਦੀ ਖੋਹ ਕੇ ਫਰਾਰ ਹੋ ਗਏ ।

ਥਾਣਾ ਸਿਟੀ 1 ਬਰਨਾਲਾ ਦੇ ਐਸ.ਐਚ.ਉ ਲਖਵਿੰਦਰ ਸਿੰਘ ਨੇ ਕਿਹਾ ਕਿ ਜਖਮੀਆਂ ਦੇ ਬਿਆਨ ਅਤੇ ਮੈਡੀਕਲ ਰਿਪੋਰਟ ਦੇ ਅਧਾਰ ਤੇ ਸੰਦੀਪੀ ਪੰਡਿਤ ਅਤੇ ਰਾਜਾ ਪੰਡਿਤ ਸਮੇਤ 6/7 ਹੋਰ ਅਣਪਛਾਤੇ ਦੋਸ਼ੀਆਂ ਖਿਲਾਫ ਅਧੀਨ ਜੁਰਮ 379/323/341/148/149 ਆਈਪੀਸੀ ਤਹਿਤ ਕੇਸ ਦਰਜ਼ ਕਰਕੇ, ਮਾਮਲੇ ਦੀ ਜਾਂਚ ਏ.ਐਸ.ਆਈ ਚਮਕੌਰ ਸਿੰਘ ਨੂੰ ਸੌਂਪ ਦਿੱਤੀ ਹੈ। ਉਲਾਂ ਕਿਹਾ ਕਿ ਜਲਦ ਹੀ ਦੋਸ਼ੀਆਂ ਨੂੰ ਗਿਰਫਤਾਰ ਕਰ ਲਿਆ ਜਾਵੇਗਾ।

ਮਾਡਲ ਟਾਊਨ ਵਿਖੇ ਸੰਨੀ ਖੀਵਾ ਇੰਡੀਅਨ ਨੈਸ਼ਨਲ ਕਾਂਗਰਸ ਕਮੇਟੀ ਮੈਂਬਰ ਅਤੇ ਵਾਰਡ ਨੰ 68 ਚੇਅਰਮੈਨ ਦੀ ਅਗਵਾਈ ਹੇਠ ਸਵਰਗਵਾਸ ਸਾਬਕਾ ਮੁੱਖ ਮੰਤਰੀ ਸ. ਬੇਅੰਤ ਸਿੰਘ ਜੀ ਦੇ 26 ਵੇ ਸ਼ਹੀਦੀ ਦਿਹਾੜੇ ਤੇ ਹਲਕਾ ਪੱਛਮੀ ਦੇ ਕਾਂਗਰਸੀ ਵਰਕਰਾ ਵਲੋ ਸਰਧਾਂਜਲੀ ਭੇਂਟ ਕੀਤੀ ਗਈ ਇਸ ਮੌਕੇ ਤੇ ਹਰਸ਼ਦੀਪ ਸਿੰਘ, ਅਕਾਸ਼, ਸੁਦਾਮ ਹੁਸੈਨ, ਸੰਨੀ ਕੁਮਾਰ, ਰੋਸ਼ਨ ਲਾਲ, ਸਾਗਰ ਕੁਮਾਰ, ਅਰਮਾਨ, ਸਤੀਸ਼ ਆਦਿ ਹਾਜਿਰ ਸਨ। (ਲੁਧਿਆਣਾ/ਸੁਖਚੈਨ ਮਹਿਰਾ)

ਅਜ਼ਾਦ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਕੋਵੀਸੀਲਡ ਵੈਕਸੀਨੇਸ਼ਨ ਕੈਂਪ ਲਗਾਇਆ

ਪਟਿਆਲਾ/ਜਗਦੀਸ ਰਾਈਕਾ

ਅਜ਼ਾਦ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਕੋਵੀਸੀਲਡ ਵੈਕਸੀਨੇਸ਼ਨ ਕੈਂਪ ਲਗਾਇਆ ਗਿਆ।

ਬੀਤੇ ਦਿਨੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਜ਼ਾਦ ਨਗਰ ਵਲੋਂ ਗੁਰਦੁਆਰਾ ਸਾਹਿਬ ਵਿਖੇ ਕੋਵੀਸ਼ੀਲਡ ਵੈਕਸੀਨੇਸ਼ਨ ਕੈਂਪ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਲਗਭਗ 240 ਵਿਅਕਤੀਆਂ ਨੂੰ ਉਕਤ ਵੈਕਸੀਨੇਸ਼ਨ ਲਗਾਈ ਗਈ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਰਮਵਾਰ ਮੁੱਖ ਸੇਵਾਦਾਰ ਅਤੇ ਜਨਰਲ ਸਕੱਤਰ ਸ੍ਰ. ਗੁਰਨਾਮ ਸਿੰਘ ਧਾਲੀਵਾਲ ਅਤੇ ਹਰਪ੍ਰੀਤ ਸਿੰਘ ਗਾਂਧੀ ਜੀ ਨੇ ਆਪਣੇ ਕਮੇਟੀ ਮੈਂਬਰਾਂ ਦੇ ਸਹਿਯੋਗ ਨਾਲ ਉਪਰੋਕਤ ਵੈਕਸੀਨੇਸ਼ਨ ਕੈਂਪ ਦੇ ਲਾਭ ਪ੍ਰਾਪਤੀਆਂ ਲਈ ਹਰ ਸੰਭਵ ਸੁਵਿਧਾ ਦਾ ਪੁਖਤਾ ਪ੍ਰਬੰਧ ਕੀਤਾ ਗਿਆ ਸੀ। ਕਿਸੇ ਵੀ ਲਾਭ ਪਾਤਰੀ ਨੂੰ ਕੋਈ ਔਕੜ ਪੇਸ਼ ਨਹੀਂ ਆਈ। ਬਹੁਤ ਹੀ ਅਨੁਸ਼ਾਸ਼ਨਸ਼ੀਲ ਅਤੇ ਸਿਸਟਾਚਾਜਰ ਦੇ ਵਾਤਾਵਰਨ ਵਿੱਚ ਸਾਰੇ ਕਾਰਜ ਸਪੰਨ ਹੋਏ। ਡਾ. ਸੁਮੀਤ ਸਿੰਘ ਜੀ ਨੋਡਲ ਅਫਸਰ ਨੇ ਮਾਡਲ ਟਾਊਨ ਹੈਲਥ ਸੈਂਟਰ ਦੀ ਪੈਰਾ ਮੈਡੀਕਲ ਟੀਮ ਡਾ. ਲਲੀਤ ਕੁਮਾਰ ਜੀ ਦੀ ਅਗਵਾਈ ਵਿੱਚ ਵੈਕਸੀਅਨ ਸਮੇਤ ਸਮੇਂ ਸਿਰ ਭੇਜ ਦਿੱਤੀ ਸੀ ਅਤੇ ਉਹਨਾਂ ਨੇ ਬਹੁਤ ਹੀ ਸੰਤੋਸ਼ਜਨਕ ਜਿੰਮੇਵਾਰੀ ਨਿਭਾਈ। ਕੈਂਪ ਨੂੰ ਸਫਲ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਅਤੇ ਸਹਿਯੋਗ ਕਰਨ ਵਾਲਿਆਂ ਵਿੱਚ ਪ੍ਰਮੁੱਖ ਨਾਮ ਹਨ ਹਰਿੰਦਰ ਸਿੰਘ ਕਰੀਰ ਸਹਾਇਕ ਕਮਿਸ਼ਨਰ ਰੈਡ ਕਰਾਸ ਸੁਸਾਇਟੀ, ਗੁਰਪ੍ਰੀਤ ਸਿੰਘ ਰੈਡ ਕਰਾਸ, ਰਾਮ ਸਿੰਘ ਸਕੱਤਰ ਗੁਰੂ ਅਰਜਨ ਕੀਰਤਨ ਮੰਡਲ ਪਟਿਆਲਾ, ਹਰਜੀਤ ਸਿੰਘ ਕਲਸੀ, ਗੁਰਮੀਤ ਸਿੰਘ, ਕੈਪਟਨ ਬਾਬੂ ਸਿੰਘ ਮਾਨ, ਜਸਵੀਰ ਸਿੰਘ ਬੁੱਟਰ, ਨਿਰਮਲ ਸਿੰਘ ਢੋਟ ਅਤੇ ਸੋਹਨ ਆਦਿ ਵਰਨਣਯੋਗ ਹੈ ਕਿ ਕਾਕਾ ਸਰਬਜੋਤ ਸਿੰਘ ਗਾਂਧੀ ਅਤੇ ਕਾਕਾ ਅਮਰਦੀਪ ਸਿੰਘ ਸੋਹਲ ਨੇ ਕੈਂਪ ਦੌਰਾਨ ਕੰਪਿਊਟਰ ਉਪਰੇਟਰ ਦੀ ਸੇਵਾ ਬਾਖੂਬੀ ਨਿਭਾਈ ਅੰਤ ਵਿੱਚ ਸਮੁੱਚੀ ਪੈਰਾ ਮੈਡੀਕਲ ਟੀਮ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।

ਬਠਿੰਡਾ ਦੇ ਆਪਣੇ ਮੈਂਬਰਾਂ ਨੂੰ ਈ ਕਾਮਰਸ ਦੇ ਜਰੀਏ ਸਪਲਾਈ ਕਰੇਗਾ ਬੈਸਟਪ੍ਰਾਈਸ ਹੋਲਸੇਲ

ਬਠਿੰਡਾ/ਲੋਕ ਬਾਣੀ

ਬੈਸਟਪ੍ਰਾਈਸ ਹੋਲਸੇਲ ਆਪਣੇ ਬਠਿੰਡਾ ਸਟੋਰ ਦੇ ਮੌਜੂਦਾ ਕਰਮਚਾਰੀਆਂ ਨੂੰ ਰੁਜਗਾਰ ਦੇ ਵੈਕਲਪਿਕ ਮੌਕੇ ਉਪਲਬਧ ਕਰਵਾਉਣ ਲਈ ਵਚਨਬੱਧ ਹੈ . ਕੰਪਨੀ ਨੇ ਬਠਿੰਡਾ ਵਿਚ ਕੰਮ ਕਰਨ ਦੇ ਇਛੁੱਕ ਕਰਮਚਾਰੀਆਂ ਨੂੰ ਸਹਿਯੋਗੀ ਕੰਪਨੀ ਈਕਾਰਟ ਅਤੇ ਬਠਿੰਡਾ ਤੋਂ ਬਾਹਰ ਕੰਮ ਕਰਨ ਦੇ ਇਛੁੱਕ ਕਰਮਚਾਰੀਆਂ ਨੂੰ ਬੈਸਟਪ੍ਰਾਈਸ ਹੋਲਸੇਲ ਵਿਚ ਨੌਕਰੀ ਜਾਰੀ ਰੱਖਣ ਦਾ ਪ੍ਰਸਤਾਵ ਦਿੱਤਾ ਹੈ। ਕੰਪਨੀ ਦੇ ਸੂਤਰਾਂ ਦੇ ਅਨੁਸਾਰ ਕੰਪਨੀ ਕਰਿਆਨਾ ਅਤੇ ਆਪਣੇ ਹੋਰ ਮੈਂਬਰਾਂ ਨੂੰ ਜਿਆਦਾ ਕੁਸਲਤਾ ਦੇ ਨਾਲ ਸੇਵਾਵਾਂ ਜਾਰੀ ਰੱਖਣ ਦੇ ਲਈ ਈ ਕਾਮਰਸ ਦੇ ਜਰੀਏ ਸਪਲਾਈ ਤੇ ਧਿਆਨ ਕੇਂਦਰਿਤ ਕਰੇਗੀ . ਇਸੇ ਕੋਸਸਿ ਨੂੰ ਹੋਰ ਬਿਹਤਰ ਤਰੀਕੇ ਨਾਲ ਲਾਗੂ ਕਰਨ ਦੇ ਮਕਸਦ ਨਾਲ ਬਠਿੰਡਾ ਵਿਚ ਕੈਸ ਐਂਡ ਕੈਰੀ ਸਟੋਰ ਬੰਦ ਕਰਨ ਦਾ ਫੈਸਲਾ ਲਿਆ ਗਿਆ ਹੈ . ਕੰਪਨੀ ਨੇ ਆਪਣੇ ਮੌਜੂਦਾ ਕਰਮਚਾਰੀਆਂ ਨੂੰ ਸਮਾਯੋਜਿਤ ਕਰਨ ਦੇ ਵਿਭਿੰਨ ਵਿਕਲਪ ਦਿੱਤੇ ਹਨ . ਜੇਕਰ ਉਹ ਇਨ੍ਹਾਂ ਵਿਕਲਪਾਂ ਨੂੰ ਨਹੀਂ ਅਪਣਾਉਂਦੇ ਹਨ ਅਤੇ ਨੌਕਰੀ ਛੱਡਣਾ ਚਾਹੁੰਦੇ ਹਨ, ਅਜਿਹੀ ਸਥਿਤੀ ਵਿਚ ਕੰਪਨੀ ਨੇ ਕਰਮਚਾਰੀਆਂ ਨੂੰ ਇੱਕ ਮਹੀਨੇ ਦਾ ਨੋਟਿਸ ਤਨਖਾਹ ਅਤੇ ਹੁਣ ਤੱਕ ਜਿੰਨੇ ਸਾਲ ਕਰਮਚਾਰੀ ਨੇ ਨੌਕਰੀ ਕੀਤੀ ਹੈ ਉਸਦੇ ਹਰੇਕ ਸਾਲ ਦੇ 15 ਦਿਨ ਦੀ ਤਨਖਾਹ ਦੇਣ ਦਾ ਪ੍ਰਸਤਾਵ ਦਿੱਤਾ ਹੈ . ਇਸ ਤੋਂ ਇਲਾਵਾ ਕਰਮਚਾਰੀ ਨੂੰ ਗ੍ਰੇਚੁਯੁਟੀ ਵੀ ਮਿਲੇਗੀ . ਹਾਲਾਂਕਿ ਕੰਪਨੀ ਰਾਜ ਵਿਚ ਆਪਣੇ ਨਿਵੇਸ ਨੂੰ ਬਣਾਈ ਰੱਖਣ ਦੀ ਨੀਤੀ ਤੇ ਕਾਇਮ ਹੈ ਅਤੇ ਬਿਹਤਰੀਨ ਸਥਾਨ ਤੇ ਨਵਾਂ ਵੇਅਰਹਾਊਸ ਖੋਲ੍ਹੇਗੀ । ਬੀ2ਬੀ ਮਾਰਕੀਟਪਲੇਸ ਬੈਸਟਪ੍ਰਾਈਸ ਸਟੋਰ ਦੇ ਮੈਂਬਰਾਂ ਖਾਸ ਕਰਕੇ ਕਰਿਆਨਾ ਨਾਲ ਜੁੜੇ ਮੈਂਬਰਾਂ ਨੇ ਈ ਕਾਮਰਸ ਨੂੰ ਅਪਣਾਉਣ ਵਿਚ ਜਿਕਰਯੋਗ ਵਾਧੇ ਦਾ ਪ੍ਰਦਰਸਨ ਕੀਤਾ ਹੈ . ਆਪਣੇ ਅਜਿਹੇ ਮੈਂਬਰਾਂ ਨੂੰ ਕੰਪਨੀ ਨਵੇਂ ਕੇਂਦਰ ਤੋਂ ਸੇਵਾ ਜਾਰੀ ਰੱਖੇਗੀ . ਜੇਕਰ ਕੋਈ ਮੈਂਬਰ ਸਟੋਰ ਦੇ ਜਰੀਏ ਖਰੀਦਦਾਰੀ ਕਰਨ ਦਾ ਇਛੁੱਕ ਹੈ ਤਾਂ ਉਹ ਨਜਦੀਕੀ ਸਹਿਰ ਲੁਧਿਆਣਾ ਦੇ ਸਟੋਰ ਤੋਂ ਖਰੀਦਾਰੀ ਕਰ ਸਕਦਾ ਹੈ . ਬੈਸਟਪ੍ਰਾਈਸ ਹੋਲਸੇਲ ਵਿਚ ਸੰਪਰਕ ਕਰਨ ਤੇ ਕੰਪਨੀ ਦੇ ਇੱਕ ਬੁਲਾਰੇ ਨੇ ਕਿਹਾ, 'ਕੰਪਨੀ ਆਪਣੇ ਕਰਮਚਾਰੀਆਂ ਦੇ ਹਿਤਾਂ ਨੂੰ ਸੁਰੱਖਿਅਤ ਰੱਖਣ ਨੂੰ ਲੈ ਕੇ ਵਚਨਬੱਧ ਹੈ . ਕੰਪਨੀ ਆਪਣੇ ਮੌਜੂਦਾ ਕਰਮਚਾਰੀਆਂ ਨੂੰ ਨਵੇਂ ਫੁੱਲਫਿਲਮੈਂਟ ਸੈਂਟਰ ਅਤੇ ਵਾਲਮਾਰਟਇੰਡੀਆ ਗਰੁੱਪ ਦੀ ਸਪਲਾਈ ਚੇਨ ਅਤੇ ਲਾਜਿਸਟਿਕਸ ਨਾਲ ਸਬੰਧਿਤ ਈਕੋਸਿਸਟਮ ਵਿਚ ਸਮਾਯੋਜਿਤ ਕਰੇਗੀ . ਗਰੁੱਪ ਪੰਜਾਬ ਵਿਚ ਸਥਾਨਕ ਰੂਪ ਨਾਲ ਨਿਵੇਸਤਿ ਰਹੇਗਾ ਅਤੇ ਆਪਣੇ ਬੀ2ਬੀ ਡਿਜੀਟਲ ਮਾਰਕੀਟਪਲੇਸ ਨੂੰ ਮਜਬੂਤ ਕਰਨ ਦੇ ਇੱਕ ਹਿੱਸੇ ਦੇ ਰੂਪ ਵਿਚ ਕਿਸਾਨਾਂ ਅਤੇ ਐਮਐਸਐਮਈ ਨਾਲ ਸਥਾਨਕ ਰੂਪ ਨਾਲ ਖਰੀਦਦਾਰੀ ਜਾਰੀ ਰੱਖੇਗਾ . ਅਸੀਂ ਬਠਿੰਡਾ ਸਹਿਰ ਵਿਚ ਕਰਿਆਨਾ ਦੇ ਵਿਚਕਾਰ ਈਕਾਮਰਸ ਨੂੰ ਅਪਣਾਏ ਜਾਣ ਵਿਚ ਵਾਧਾ ਦੇਖਿਆ ਹੈ ਅਤੇ ਅਸੀਂ ਇਸਨੂੰ ਸੁਚੇਤਤਾ ਅਤੇ ਦਕਸਤਾ ਦੇ ਨਾਲ ਹੱਲ ਕਰਨ ਦੀ ਕੋਸਸਿ ਕਰ ਰਹੇ ਹਾਂ . ਇਸ ਤੋਂ ਇਲਾਵਾ, ਅਸੀਂ ਇਹ ਸੁਨਿਸਚਿਤ ਕਰਨ ਦੇ ਲਈ ਵਚਨਬੱਧ ਹਾਂ ਕਿ ਸਾਡੇ ਸਪਲਾਈ ਕਰਤਾਵਾਂ, ਕਰਿਆਨਾ ਅਤੇ ਖੁਦਰਾ ਵਿਕ੍ਰੇਤਾਵਾਂ ਦੇ ਲਈ ਰੋਜੀ ਰੋਟੀ ਦੀ ਨਿਰੰਤਰਤਾ ਬਣੀ ਰਹੇ।

ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

ਇਲੀਟ ਚੈਰੀਟੇਬਲ ਕਲੱਬ ਦੀ ਤਰਫ ਤੋਂ ਵੀ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ

ਪਟਿਆਲਾ/ਜਗਦੀਸ਼ ਰਾਈਕਾ

ਜਨਮ ਅਸ਼ਟਮੀ ਹਿੰਦੂ ਪਰੰਪਰਾ ਦੁਆਰਾ ਸਾਰੇ ਹੀ ਦੇਸ਼ ਵਿੱਚ ਬੜੀ ਧੂਮ ਧਾਮ ਨਾਲ ਮਨਾਈ ਜਾਂਦੀ ਹੈ। ਇਹ ਤਿਉਹਾਰ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦੇ ਜਨਮ ਦਿਨ ਦੇ ਰੂਪ ਵਿੱਚ ਮਨਾਇਆ ਜਾਂਦਾ ਹੈ। ਇਹ ਤਿਉਹਾਰ ਰੱਖੜੀ ਤੋਂ ਬਾਅਦ ਭਾਦੋਂ ਮਹੀਨੇ ਦੀ ਕ੍ਰਿਸ਼ਨ ਪਕਸ਼ ਦੀ ਅਸ਼ਟਮੀ ਦੇ ਦਿਨ ਮਨਾਇਆ ਜਾਂਦਾ ਹੈ। ਇਸ ਦਿਨ ਪੂਰੇ ਦੇਸ਼ ਭਰ ਦੇ ਮੰਦਰਾਂ ਨੂੰ ਸਜਾਇਆ ਜਾਂਦਾ ਹੈ ਅਤੇ। ਝਾਂਕੀਆਂ ਵੀ ਕੱਢੀਆਂ ਜਾਂਦੀਆਂ ਹਨ। ਇਸ ਦਿਨ 12 ਵਜੇ ਤੱਕ ਵਰਤ ਵੀ ਰੱਖਿਆ ਜਾਂਦਾ ਹੈ।

ਇਲੀਟ ਚੈਰੀਟੇਬਲ ਕਲੱਬ ਦੀ ਤਰਫ ਤੋਂ ਵੀ ਜਨਮ ਅਸ਼ਟਮੀ ਦਾ ਤਿਉਹਾਰ ਬੜੀ ਧੂਮਧਾਮ ਨਾਲ ਮਨਾਇਆ ਗਿਆ ਜਿਸ ਵਿੱਚ ਕਲੱਬ ਦੇ ਮੈਂਬਰਾਂ ਵੱਲੋਂ ਰਾਸਲੀਲਾ ਪਰਫਾਰਮੈਂਸ ਦਿੱਤੀ ਗਈ। ਬੱਚਿਆਂ ਦੁਆਰਾ ਵੀ ਰਾਸਲੀਲਾ ਪਰਫਾਰਮੈਂਸ ਦਿੱਤੀ ਗਈ। ਜਰੂਰਤਮੰਦ ਬੱਚਿਆਂ ਨੂੰ ਕਲੱਬ ਦੇ ਮੈਂਬਰਾਂ ਵੱਲੋਂ ਖਾਣਪੀਣ ਦੀਆਂ ਚੀਜਾਂ ਅਤੇ ਗਿਫਟ ਵੰਡੇ ਗਏ। ਕਲੱਬ ਦੀ ਪ੍ਰਧਾਨ ਡਾ. ਗੁਨਪ੍ਰੀਤ ਕੋਹਲੀ ਵੱਲੋਂ ਸਾਰੇ ਦੇਸ਼ਵਾਸੀਆਂ ਨੂੰ ਵਧਾਈ ਦਿੱਤੀ ਗਈ।

ਇਸ ਮੋਕੇ ਕਲੱਬ ਦੇ ਸਾਰੇ ਮੈਂਬਰ ਰਾਖੀ ਖੁਰਾਣਾ, ਪਰਮਜੀਤ, ਗੁਰਬਲ, ਟੀਨਾ, ਮੇਘਨਾ, ਰੁਚੀ, ਦੀਕਸ਼ਾ, ਰੇਨੂੰ, ਮਿਲੀ, ਸੁਰਿਬੰਦਰ, ਗਗਨ, ਮੰਜੂ, ਸ਼ਵੇਤਾ, ਸੁਖਵਿੰਦਰ, ਮਮਤਾ, ਅਲਕਾ, ਮੁੱਖ ਮਹਿਮਾਨ ਸੁਨੀਤਾ ਧੀਰ ਅਤੇ ਮੈਡਮ ਹਰਿੰਦਰ ਹੁੰਦਲ ਆਦਿ ਸ਼ਾਮਿਲ ਸਨ।

ਮੈਡੀਮਿਕਸ ਨੇ ਫੇਸ ਕੇਅਰ ਰੇਂਜ ਨੂੰ ਫਿਰ ਤੋਂ ਲਾਂਚ ਕੀਤਾ

medimix
medimix
medimix
medimix
medimix
medimix
medimix
medimix

ਅੰਮ੍ਰਿਤਸਰ/ਲੋਕ ਬਾਣੀ

ਚੋਲਾਯਿਲ ਗਰੁੱਪ, ਆਯੁਰਵੇਦ ਅਤੇ ਸਕਿਨ ਦੀ ਦੇਖਭਾਲ ਦਾ ਨਾਂਅ ਹੈ, ਜਿਸਨੂੰ ਮੈਡੀਮਿਕਸ ਦੇ ਨਾਂਅ ਨਾਲ ਮਸ਼ਹੂਰ ਬ੍ਰਾਂਡ ਦੇ ਨਾਲ ਆਯੁਰਵੇਦਿਕ ਸਕਿਨ ਦੇਖਭਾਲ ਸਮਾਧਾਨ ਪ੍ਰਦਾਨ ਕਰਨ ਵਿਚ 50 ਸਾਲਾਂ ਤੋਂ ਜਿਆਦਾ ਦੀ ਮਾਹਿਰਤਾ ਹੈ। ਮੈਡੀਮਿਕਸ ਨੇ ਨਵੇਂ ਅਤੇ ਬਿਹਤਰ ਫਾਰਮੂਲੇਸ਼ਨ, ਰੰਗੀਨ ਅਤੇ ਜੀਵਿਤ ਪੈਕੇਜਿੰਗ ਅਤੇ ਬਹੁਤ ਜਿਆਦਾ ਪ੍ਰਭਾਵੀ ਸਕਿਨ ਲਾਭਾਂ ਦੇ ਨਾਲ ਆਪਣੀ ਮਸ਼ਹੂਰ ਫੇਸ ਕੇਅਰ ਰੇਂਜ ਨੂੰ ਫਿਰ ਤੋਂ ਲਾਂਚ ਕੀਤਾ, ਜਿਹੜਾ ਫਾਸਟ - ਐਕਟਿੰਗ ਆਯੁਰਵੇਦ ਦੀ ਪੇਸ਼ਕਸ਼ ਦੀ ਉਨ੍ਹਾਂ ਦੀ ਕਹਾਣੀ ਨੂੰ ਦਰਸਾਉਂਦਾ ਹੈ। ਹਰੇਕ ਪੇਸ਼ਕਸ਼ ਦੀ ਕਲਪਨਾ ਆਖਰੀ ਉਪਭੋਗਤਾ ਦੀਆਂ ਜਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਅੱਜ ਦੇ ਨੌਜਵਾਨਾਂ ਦੀ ਬਦਲਦੀ ਜੀਵਨਸ਼ੈਲੀ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ ਗਈ ਹੈ।ਪੂਰੀ ਰੇਂਜ ਨੂੰ ਨਿੰਮ, ਐਲੋਵੀਰਾ, ਕੇਸਰ, ਹਲਦੀ, ਨਿੰਬੂ, ਸ਼ਹਿਦ, ਵੇਸਣ, ਗੰਨਾ, ਅਦਰਕ, ਮੁਲਤਾਨੀ ਮਿੱਟੀ ਅਤੇ ਤਨਾਕਾ, ਲੋਧਰਾ, ਅਮਾਇਆ ਅਤੇ ਮੰਜਿਸ਼ਠ ਜਿਹੀਆਂ ਬਿਹਤਰੀਨ ਆਯੁਰਵੇਦਿਕ ਜੜੀ ਬੂਟੀਆਂ ਨਾਲ ਤਿਆਰ ਕੀਤਾ ਗਿਆ ਹੈ, ਜਿਹੜੀ ਇਸਦੀਆਂ ਜੜਾਂ ਤੋਂ ਸਕਿਨ ਨੂੰ ਚੌਤਰਫਾ ਸੁਰੱਖਿਆ ਅਤੇ ਦੇਖਭਾਲ ਪ੍ਰਦਾਨ ਕਰਦੀ ਹੈ। ਇਹ ਮੁੜ ਲਾਂਚ ਕੀਤੇ ਗਏ ਉਤਪਾਦ ਆਯੁਰਵੇਦ ਦੀ ਮੱਧਮ ਪੈਂਦੀ ਦਿੱਖ ਨੂੰ ਤੋੜਦੇ ਹੋਏ 'ਫਾਸਟ ਐਕਟਿੰਗ ਆਯੁਰਵੇਦ' ਟੈਗਲਾਈਨ ਦੇ ਨਾਲ ਇਕਦਮ ਨਵੀਂ ਪੈਕੇਜਿੰਗ ਵਿਚ ਆਉਣਗੇ।ਉਨ੍ਹਾਂ ਦਾ ਪ੍ਰਮੁੱਖ ਉਤਪਾਦ ਐਂਟੀ ਪਿੰਪਲ ਫੇਸਵਾਸ਼ 6 ਅਵਿਸ਼ਵਾਸਯੋਗ ਰੂਪ ਨਾਲ ਸ਼ਕਤੀਸ਼ਾਲੀ ਜੜੀ ਬੂਟੀਆਂ ਨਾਲ ਬਣਿਆ ਹੈ, ਜਿਨ੍ਹਾਂ ਨੇ ਰਿਸਰਚ ਵਿਚ ਬਿਹਤਰੀਨ ਨਤੀਜੇ ਪ੍ਰਦਰਸ਼ਿਤ ਕੀਤੇ ਹਨ। ਐਂਟੀ ਐਕਨੇ ਫੇਸਵਾਸ਼ ਦੇ ਲਈ ਹਾਲ ਹੀ ਵਿਚ ਕੀਤੀ ਗਈ ਕੰਜਿਊਮਰ ਸਟਡੀ ਤੋਂ ਪਤਾ ਲੱਗਿਆ ਹੈ ਕਿ, 3 ਵਿਚੋਂ 2 ਲੋਕਾਂ ਨੇ ਮੈਡੀਮਿਕਸ ਐਂਟੀ ਪਿੰਪਲ ਫੇਸ ਵਾਸ਼ ਦੀ ਵਰਤੋਂ ਕਰਨ ਦੇ 3 ਦਿਨਾਂ ਦੇ ਬਾਅਦ ਪਿੰਪਲਸ ਵਿਚ ਕਮੀ ਦੇਖੀ। ਮੈਡੀਮਿਕਸ ਦੇ ਐਂਟੀ ਪਿੰਪਲ ਫੇਸ ਵਾਸ਼ ਨੂੰ ਇਸਦੇ ਸਿਗਨੇਚਰ ਕਾਨਕੋਕਸ਼ਨ ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ ਜਿਹੜਾ ਕਰੂਰਤਾ ਮੁਕਤ (ਨੋ ਐਨੀਮਲ ਟੇਸਟਿੰਗ), ਹਾਨੀਕਾਰਕ ਰਸਾਇਣ ਮੁਕਤ (ਨੋ ਸੋਪ, ਐਸਐਲਐਸ, ਪੈਰਾਬੇਨ), ਡਰਮੇਟੋਲਾਜੀਕਲੀ ਟੇਸਟੇਡ ਅਤੇ ਸ਼ੁੱਧ ਸ਼ਾਕਾਹਰੀ ਹਨ ਜਿਸ ਨਾਲ ਸੰਰਕਸ਼ਕਾਂ ਨੂੰ ਆਯੁਰਵੇਦ ਦੀ ਸੱਚੀ ਸ਼ਕਤੀ ਦਾ ਅਨੁਭਵ ਕਰਨ ਵਿਚ ਮਦਦ ਮਿਲਦੀ ਹੈ ਅਤੇ 6 ਜੜੀ ਬੂਟੀਆਂ ਦੀ ਸ਼ਕਤੀ ਨੂੰ ਉਜਾਗਰ ਕਰਦੀ ਹੈ।ਚੋਲਾਯਿਲ ਪ੍ਰਾਈਵੇਟ ਲਿਮਿਟਡ ਦੇ ਵਾਈਸ ਪ੍ਰੈਜੀਡੈਂਟ ਸੇਲਸ ਐਂਡ ਮਾਰਕੀਟਿੰਗ ਸ਼੍ਰੀ ਆਸ਼ੀਸ਼ ਓਹਲਯਾਨ ਨੇ ਕਿਹਾ, 'ਮੌਜੂਦਾ ਹਾਲਾਤਾਂ ਵਿਚ ਅੱਜ ਦੇ ਨੌਜਵਾਨਾਂ ਦੇ ਲਈ ਚਿਹਰੇ ਦੀ ਦੇਖਭਾਲ ਹੋਰ ਵੀ ਮਹੱਤਵਪੂਰਣ ਹੋ ਗਈ ਹੈ। ਦੋ ਚੀਜਾਂ ਜਿਹੜੀਆਂ ਉਹ ਹਮੇਸ਼ਾ ਕਿਸੇ ਉਤਪਾਦ ਵਿਚ ਦੇਖਦੇ ਹਨ ਉਹ ਇਹ ਹਨ ਕਿ ਇਹ ਬਹੁਤ ਜਿਆਦ ਸਕਿਨ ਦੇ ਅਨੁਕੂਲ ਹੋਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਤੇਜੀ ਨਾਲ ਨਤੀਜੇ ਦੇਣੇ ਚਾਹੀਦੇ ਹਨ ਤਾਂ ਕਿ ਉਹ ਆਪਣੇ ਜੀਵਨ ਵਿਚ ਅੱਗੇ ਵਧ ਸਕਣ। ਫੇਸ ਵਾਸ਼ ਦੀ ਸਾਡੀ ਨਵੀਂ ਅਤੇ ਬਿਹਤਰ ਰੇਂਜ ਨੂੰ ਇਨ੍ਹਾਂ ਦੋ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ ਜਿਸ ਵਿਚ ਫੇਸ ਕੇਅਰ ਰੇਂਜ ਦੇ ਹਰੇਕ ਉਤਪਾਦ ਵਿਚ ਸਮਰਿੱਧ ਆਯੁਰਵੇਦਿਕ ਜੜੀ ਬੂਟੀਆਂ ਦੀ ਸ਼ਕਤੀ ਅਤੇ ਸਕਿਨ ਦੇ ਅਨੁਕੂਲ ਵਰਤੋਂ ਹੈ। ਅਸੀਂ ਹਰ ਪੇਸ਼ਕਸ਼ ਵਿਚ ਬਹੁਤ ਜਿਆਦਾ ਪ੍ਰਭਾਵੀ ਸਕਿਨ ਲਾਭ ਪ੍ਰਦਾਨ ਕਰਦੇ ਹਾਂ ਜਿਵੇਂ ਕਿ ਪਿੰਪਲ ਕਲੀਯਰੈਂਸ, ਆਯਲ ਕਲੀਯਰੈਂਸ, ਟੈਨ ਰਿਮੂਵਲ ਆਦਿ। ਪ੍ਰਮੁੱਖ ਪੇਸ਼ਕਸ਼ ਐਂਟੀ ਪਿੰਪਲ ਫੇਸ ਵਾਸ਼ ਉਪਭੋਗਤਾ ਰਿਸਰਚ ਵੱਲੋਂ ਸਿਰਫ ਤਿੰਨ ਦਿਨਾਂ ਵਿਚ ਪਿੰਪਲਸ ਨੂੰ ਘੱਟ ਕਰਨ ਦੇ ਲਈ ਸਿੱਧ ਕੀਤਾ ਗਿਆ ਹੈ। ਇਸ ਨਾਲ ਪਤਾ ਲੱਗਦਾ ਹੈ ਕਿ ਸਾਡੇ ਉਤਪਾਦ ਬਹੁਤ ਜਿਆਦਾ ਪ੍ਰਭਾਵਸ਼ਾਲੀ ਹਨ ਅਤੇ ਸਾਡੇ ਫਾਸਟ ਐਕਟਿੰਗ ਆਯੁਰਵੇਦ ਦੇ ਨਾਲ ਸਕਿਨ ਫਿੱਟ ਪ੍ਰਾਪਤ ਕਰਨ ਦੇ ਲਈ ਉਪਭੋਗਤਾਵਾਂ ਨੂੰ ਬਹੁਤ ਲਾਭ ਹੋਵੇਗਾ।'ਚੋਲਾਯਿਲ ਪ੍ਰਾਈਵੇਟ ਲਿਮਿਟਡ ਦੇ ਪ੍ਰੈਜੀਡੈਂਟ ਅਤੇ ਪ੍ਰਬੰਧ ਨਿਰਦੇਸ਼ਕ ਸ੍ਰੀ ਪ੍ਰਦੀਪ ਚੋਲਯਿਲ ਨੇ ਕਿਹਾ, 'ਇੱਕ ਬ੍ਰਾਂਡ ਦੇ ਰੂਪ ਵਿਚ ਮੈਡੀਮਿਕਸ ਨੇ ਹਮੇਸ਼ਾ ਸਿਹਤਮੰਦ ਸਕਿਨ ਦੇ ਲਈ ਟਾਪ ਕੁਦਰਤੀ ਵਿਕਲਪ ਦੀ ਪੇਸ਼ਕਸ਼ ਕਰਨ ਦੇ ਲਈ ਸਾਡੇ ਉਪਭੋਗਤਾਵਾਂ ਦੀਆਂ ਉਭਰਦੀਆਂ ਜਰੂਰਤਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। 50 ਨਾਲੋਂ ਜਿਆਦਾ ਸਾਲਾਂ ਤੋਂ ਅਸੀਂ ਹਰ ਦਿਨ ਆਪਣੇ ਉਪਭੋਗਤਾਵਾਂ ਨੂੰ ਬਿਹਤਰ ਸਮਾਧਾਨ ਪ੍ਰਦਾਨ ਕਰਨ ਦੇ ਲਈ ਖੁਦ ਨੂੰ ਲਗਾਤਾਰ ਵਿਕਸਿਤ ਕਰ ਰਹੇ ਹਾਂ ਜਿਹੜੇ ਨਾ ਸਿਰਫ ਸਕਿਨ ਦੇ ਲਈ ਸੁਰੱਖਿਅਤ ਹਨ ਸਗੋਂ ਇੱਕ ਨਿਰਧਾਰਿਤ ਸਮਾਂ ਸਮੀਂ ਦੇ ਅੰਦਰ ਮਨਚਾਹੇ ਨਤੀਜੇ ਵੀ ਪ੍ਰਦਾਨ ਕਰਦੇ ਹਨ। ਸਾਡੀ ਨਵੀਂ ਫੇਸ ਕੇਅਰ ਰੇਂਜ ਵਿਚ ਅੱਜ ਦੇ ਸਮਝਦਾਰ ਉਪਭੋਗਤਾਵਾਂ ਦੇ ਲਈ ਕਈ ਪੇਸ਼ਕਸ਼ਾਂ ਹਨ ਜਿਹੜੀਆਂ ਉਨ੍ਹਾਂ ਦੀ ਤੇਜ ਤਰਾਰ ਜੀਵਨਸ਼ੈਲੀ ਵਿੱਚ ਫਿੱਟ ਹੋਣਗੀਆਂ।

ਬਜੁਰਗਾਂ ਦੀ ਪੈਨਸ਼ਨ ਸਕੀਮ ਵਿੱਚ ਵਾਧਾ ਕਰਕੇ ਮੁੱਖ ਮੰਤਰੀ ਵੱਲੋਂ ਵੀਡਿਓ ਕਾਨਫਰੰਸਿਗ ਦੇ ਜਰੀਏ ਇਸ ਦਾ ਰਸਮੀ ਕੀਤਾ ਐਲਾਨ

ਲੁਧਿਆਣਾ/ ਸੁਖਚੈਨ ਮਹਿਰਾ

ਮਾਜਿਕ ਸੁਰੱਖਿਆ ਪੈਨਸ਼ਨ ਵਿਚ ਵਾਧਾ
750 ਰੁਪਏ ਤੋਂ 1500 ਰੁਪਏ
ਪ੍ਰਤੀ ਮਹੀਨਾ

ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਬਜੁਰਗਾਂ ਦੀ ਪੈਨਸ਼ਨ ਸਕੀਮ ਵਿੱਚ ਵਾਧਾ ਕਰਕੇ ਬਜੁਰਗਾਂ ਨੂੰ ਵੱਡਾ ਤੋਹਫਾ ਦਿੱਤਾ ਹੈ ਮੁੱਖ ਮੰਤਰੀ ਪੰਜਾਬ ਵੱਲੋਂ ਜਿੱਥੇ ਸੂਬੇ ਭਰ ਵਿੱਚ ਵੀਡਿਓ ਕਾਨਫਰੰਸਿਗ ਦੇ ਜਰੀਏ ਇਸ ਦਾ ਰਸਮੀ ਐਲਾਨ ਕੀਤਾ ਉਥੇ ਹੀ ਨਗਰ ਨਿਗਮ ਫਗਵਾੜਾ ਵਿਖੇ ਵੀ ਮੁੱਖ ਮੰਤਰੀ ਪੰਜਾਬ ਵੱਲੋਂ ਵੀਡਿਓ ਕਾਨਫਰੰਸਿਗ ਦੇ ਜਰੀਏ ਇਸ ਦਾ ਰਸਮੀ ਐਲਾਨ ਕੀਤਾ ਗਿਆ। ਇਸ ਦੋਰਾਨ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਸਾਹਿਬ .ਡਿਪਟੀ ਕਮਿਸ਼ਨਰ ਰਾਜੀਵ ਵਰਮਾਂ, ਐੱਸ.ਡੀ.ਐੱਮ ਫਗਵਾੜਾ ਸ਼ਾਇਰੀ ਮਲਹੋਤਰਾ, ਸੀ.ਡੀ.ਪੀ.ਓ ਮੈਡਮ ਸੁਸ਼ੀਲ ਲਤਾ ਵੀ ਮਜੂਦ ਸਨ। ਇਸ ਮੋਕੇ ਹਲਕਾ ਫਗਵਾੜਾ ਦੇ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਜੋ ਚੋਣਾਂ ਸਮੇਂ ਵਾਅਦੇ ਕੀਤੇ ਸਨ ਉਨਾਂ ਨੂੰ ਪੂਰਾ ਕੀਤਾ ਜਾ ਰਿਹਾ ਹੈ। ਉਨਾਂ ਕਿਹਾ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਜੋ ਸਮਾਜਿਕ ਸੁਰੱਖਿਆ ਸਕੀਮ ਤਹਿਤ ਬਜੁਰਗਾਂ ਨੂੰ ਵੱਡਾ ਤੋਹਫਾ ਦਿੰਦਿਆ ਉਨਾਂ ਦੀ ਪੈਨਸ਼ਨ ਵਿੱਚ ਵਾਧਾ ਕੀਤਾ ਗਿਆ ਹੈ ਤੇ ਹੁਣ ਬਜੁਰਗਾਂ ਨੂੰ 750 ਰੁਪਏ ਦੀ ਜਗਾ ਤੇ 1500 ਰੁਪਏ ਪੈਨਸ਼ਨ ਮਿਲੇਗੀ। ਜਿਸ ਦਾ ਅੱਜ ਰਸਮੀ ਐਲਾਨ ਕਰਕੇ ਇਹ ਸਕੀਮ ਸ਼ੁਰੂ ਕਰ ਦਿੱਤੀ ਗਈ ਹੈ। ਉਨਾਂ ਜਿੱਥੇ ਮੁੱਖ ਮੰਤਰੀ ਪੰਜਾਬ ਕੈਪਟਨ ਅਮਰਿੰਦਰ ਸਿੰਘ ਦਾ ਧੰਨਵਾਦ ਕੀਤਾ ਉਥੇ ਹੀ ਉਨਾਂ ਸਮੂਹ ਪੈਨਸ਼ਨ ਧਾਰਕਾਂ ਨੂੰ ਹਾਰਦਿਕ ਵਧਾਈਆਂ ਵੀ ਦਿੱਤੀਆ।

ਬਠਿੰਡਾ ਵਾਸੀਆਂ ਨੂੰ ਸਾਬਕਾ ਕੇਂਦਰੀ ਮੰਤਰੀ ਨੇ ਦਿੱਤੀਆਂ ਜਨਮ ਅਸ਼ਟਮੀ ਦੀਆਂ ਵਧਾਈਆਂ

ਬਠਿੰਡਾ/ਅਨਿਲ ਜੈਨ

ਸਾਬਕਾ ਕੇਂਦਰੀ ਮੰਤਰੀ ਤੇ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਜਨਮ ਅਸ਼ਟਮੀ ਮੌਕੇ ਸੋਮਵਾਰ ਦੇਰ ਸ਼ਾਮ ਬਠਿੰਡਾ ਪਹੁੰਚੇ। ਬੰਗਲੇ ਵਾਲੀ ਧਰਮਸ਼ਾਲਾ 'ਚ ਨਤਮਸਤਕ ਹੋ ਉਨ੍ਹਾਂ ਦੇਸ਼ ਵਾਸੀਆਂ ਨੂੰ ਮੁਬਾਰਕਾਂ ਦਿੱਤੀਆਂ ਤੇ ਪੰਜਾਬ 'ਚ ਬਣੀ ਹੋਈ ਭਾਈਚਾਰਕ ਸਾਂਝ ਬਣੇ ਰਹਿਣ ਦੀ ਕਾਮਨਾ ਕੀਤੀ। ਇਸ ਦੌਰਾਨ ਵੱਡੀ ਗਿਣਤੀ 'ਚ ਸ਼ਰਧਾਲੂ ਉਮੜੇ ਹੋਏ ਸਨ। ਸਾਬਕਾ ਕੇਂਦਰੀ ਮੰਤਰੀ ਤੇ ਮੈਂਬਰ ਪਾਰਲੀਮੈਂਟ ਬੀਬੀ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ 'ਚ ਇਸੇ ਤਰ੍ਹਾਂ ਭਾਈਚਾਰਕ ਸਾਂਝ ਬਣੀ ਰਹੇ। ਦੇਸ਼ 'ਚ ਕੁਝ ਤਾਕਤਾਂ ਧਰਮਾਂ 'ਚ ਗਲਤ ਫਹਿਮੀਆਂ ਫੈਲਾਉਣ ਦੀਆਂ ਸਾਜ਼ਿਸ਼ਾਂ ਰਚ ਰਹੀਆਂ ਹਨ। ਅਜਿਹੀਆਂ ਤਾਕਤਾਂ ਨੂੰ ਮੌਜੂਦਾ ਸਮੇਂ 'ਚ ਪਛਾਣਨ ਦੀ ਜ਼ਰੂਰਤ ਹੈ। ਇਸ ਮੌਕੇ ਉਨ੍ਹਾਂ ਕਿਸਾਨਾਂ 'ਤੇ ਹੋਏ ਲਾਠੀਚਾਰਜ ਦੀ ਨਿਖੇਧੀ ਕਰਦਿਆਂ ਕਿਹਾ ਕਿ ਜਿਹੜੀਆਂ ਸਰਕਾਰਾਂ ਪੁਲਿਸ ਮੁਲਾਜ਼ਮਾਂ ਨੂੰ ਖੁੱਲ੍ਹ ਦੇ ਕੇ ਕਿਸਾਨਾਂ 'ਤੇ ਤਸ਼ੱਦਦ ਕਰਵਾ ਰਹੀਆਂ ਹਨ। ਉਨ੍ਹਾਂ ਦੀ ਪਹਿਚਾਣ ਵੀ ਲੋਕਾਂ ਨੂੰ ਕਰ ਲੈਣੀ ਚਾਹੀਦੀ ਹੈ ਅਤੇ ਲੋਕਾਂ ਨੂੰ ਅਜਿਹੀਆਂ ਸਰਕਾਰਾਂ ਦਾ ਇਕਜੁੱਟ ਹੋ ਕੇ ਵਿਰੋਧ ਕਰਨਾ ਚਾਹੀਦਾ ਹੈ। ਇਸ ਦੇ ਬਿਨ੍ਹਾਂ ਉਨ੍ਹਾਂ ਕੈਪਟਨ ਅਮਰਿੰਦਰ ਸਿੰਘ ਤੇ ਟਿੱਪਣੀ ਕਰਦਿਆਂ ਕਿਹਾ ਕਿ ਪਹਿਲਾਂ ਹੀ ਕਾਂਗਰਸ ਲੀਡਰਸ਼ਿਪ ਵੱਲੋਂ ਉਨ੍ਹਾਂ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ ਜਾ ਰਹੇ ਹਨ ਅਤੇ ਪੰਜਾਬ 'ਚ ਹਰ ਵਰਗ ਨਿਰਾਸ਼ ਹੈ। ਹੁਣ 2022 ਦੀਆਂ ਚੋਣਾਂ ਦੀ ਲੋਕ ਉਡੀਕ ਕਰ ਰਹੇ ਹਨ ਤੇ ਕਾਂਗਰਸ ਨੂੰ ਸਬਕ ਸਿਖਾਉਣਗੇ। ਇਸ ਮੌਕੇ ਸਾਬਕਾ ਵਿਧਾਇਕ ਸਰੂਪ ਚੰਦ ਸਿੰਗਲਾ, ਯੂਥ ਅਕਾਲੀ ਦਲ ਸ਼ਹਿਰੀ ਪ੍ਰਧਾਨ ਹਰਪਾਲ ਸਿੰਘ, ਅਕਾਲੀ ਆਗੂ ਇਕਬਾਲ ਸਿੰਘ ਢਿੱਲੋਂ, ਮੋਹਿਤ ਗੁਪਤਾ ਆਦਿ ਮੌਜੂਦ ਸਨ।

ਖੱਟਰ ਸਰਕਾਰ ਦਾ ਵਤੀਰਾ ਤਾਲਿਬਾਨ ਨਾਲੋਂ ਵੀ ਭੈੜਾ : ਅਮਨ ਅਰੋੜਾ

ਸੁਨਾਮ/ਗੁਰਵਿੰਦਰ ਗੰਢੂਆਂ

ਕੇਂਦਰ ਵਲੋਂ ਪਾਸ ਕੀਤੇ ਖੇਤੀ ਕਾਨੂੰਨਾਂ ਪ੍ਰਦਰਸ਼ਨ ਕਰ ਰਹੇ ਕਿਸਾਨਾਂ ਤੇ ਅੰਨ੍ਹੇਵਾਹ ਲਾਠੀਆਂ ਵਰ੍ਹਾ ਕੇ ਹਰਿਆਣਾ ਦੀ ਖੱਟਰ ਸਰਕਾਰ ਨੇ ਤਾਲਿਬਾਨ ਨਾਲੋਂ ਭੈੜਾ ਵਤੀਰਾ ਕੀਤਾ ਹੈ ਉਕਤ ਵਿਚਾਰਾਂ ਦਾ ਪ੍ਰਗਟਾਵਾ ਆਪ ਦੇ ਸੀਨੀਅਰ ਆਗੂ ਤੇ ਹਲਕਾ ਸੁਨਾਮ ਤੋਂ ਵਿਧਾਇਕ ਅਮਨ ਅਰੋੜਾ ਨੇ ਕੀਤਾ। ਅਰੋੜਾ ਨੇ ਉਨ੍ਹਾਂ ਕਿਹਾ ਕਿ ਖੱਟਰ ਦੀ ਖਟਾਰਾ ਸਰਕਾਰ ਨੇ ਕਿਸਾਨਾਂ ਨਾਲ ਕਰਨਾਲ 'ਚ ਜੋ ਅਣਮਨੁੱਖੀ ਘਾਣ ਕੀਤਾ ਉਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਕਿਹਾ ਪਹਿਲਾਂ ਤਾਂ ਕੇਂਦਰ ਦੀ ਮੋਦੀ ਸਰਕਾਰ ਕਿਸਾਨਾਂ ਨੂੰ ਤਬਾਹ ਕਰਨ ਅਤੇ ਆਪਣੇ ਚਹੇਤੇ ਕਾਰਪੋਰੇਟ ਘਰਾਣਿਆਂ ਦੇ ਹੱਕ ਪੂਰਨ ਲਈ ਗੈਰ ਸੰਵਿਧਾਨਕ ਤਰੀਕੇ ਨਾਲ ਤਿੰਨ ਕਾਲੇ ਕਾਨੂੰਨ ਲੈ ਕੇ ਆਈ ਤੇ ਹੁਣ ਭਾਜਪਾ ਤੇ ਕਾਂਗਰਸ ਸ਼ਾਸਿਤ ਰਾਜਾਂ ਦੀਆਂ ਸਰਕਾਰਾਂ ਲੋਕਤੰਤਰ ਅਤੇ ਸੰਵਿਧਾਨ ਨੂੰ ਛਿੱਕੇ ਟੰਗ ਕੇ ਡੰਡੇ ਦੇ ਜ਼ੋਰ ਨਾਲ ਕਿਸਾਨਾਂ ਦੀ ਆਵਾਜ਼ ਨੂੰ ਦਬਾਉਣਾ ਚਾਹੁੰਦੀਆਂ ਹਨ। ਜੋ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ਅਤੇ ਜਬਰ ਜ਼ੁਲਮ ਦੀਆਂ ਸਭ ਹੱਦਾਂ ਟੱਪ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਅਤੇ ਭਾਜਪਾ ਤੋਂ ਸੂਬੇ ਅਤੇ ਦੇਸ਼ ਦੀ ਜਨਤਾ ਦੁਖੀ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਜਿੱਥੇ ਮੋਦੀ ਸਰਕਾਰ ਦੇਸ਼ ਦੀਆਂ ਸੰਪਤੀਆਂ ਅਤੇ ਸਰਕਾਰੀ ਕੰਪਨੀਆਂ ਨੂੰ ਆਪਣੇ ਚਹੇਤੇ ਕਾਰੋਬਾਰੀਆਂ ਨੂੰ ਵੇਚ ਕੇ ਦੇਸ਼ ਨੂੰ ਗੁਲਾਮੀ ਵੱਲ ਲਿਜਾ ਰਹੀ ਹੈ ਉੱਥੇ ਹੀ ਪੰਜਾਬ ਦੀ ਕਾਂਗਰਸ ਸਰਕਾਰ ਆਪਣੀਆਂ ਨਲਾਇਕੀਆਂ ਨੂੰ ਛੁਪਾਉਣ ਲਈ ਆਪਸੀ ਫੁੱਟ ਅਤੇ ਖਿੱਚੋਤਾਣ ਦੀ ਡਰਾਮੇਬਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਅਤੇ ਸੂਬੇ ਦੀ ਜਨਤਾ ਰਵਾਇਤੀ ਪਾਰਟੀਆਂ ਤੋਂ ਅੱਕ ਚੁੱਕੀ ਹੈ ਤੇ ਆਮ ਆਦਮੀ ਪਾਰਟੀ ਅਤੇ ਅਰਵਿੰਦ ਕੇਜਰੀਵਾਲ ਉਮੀਦ ਵਜੋਂ ਦੇਖ ਰਹੀ ਹੈ।

ਕਰੰਟ ਲੱਗਣ ਨਾਲ ਮਰੇ ਨੌਜਵਾਨ ਦੇ ਪਰਿਵਾਰ ਦੀ ਸਾਬਕਾ ਵਿਧਾਇਕ ਸਿੱਧੂ ਨੇ ਕੀਤੀ ਆਰਥਿਕ ਮਦੱਦ

ਤਲਵੰਡੀ ਸਾਬੋ,ਰਾਮਾਂ ਮੰਡੀ/ਗੁਰਜੰਟ ਸਿੰਘ ਨਥੇਹਾ, ਅਨਿਲ ਜੈਨ

ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਸ਼ੇਰਗੜ੍ਹ ਵਿੱਚ ਬੀਤੇ ਸਮੇਂ ਵਿੱਚ ਕਰੰਟ ਲੱਗਣ ਕਾਰਣ ਅਕਾਲ ਚਲਾਣਾ ਕਰ ਗਏ ਨੌਜਵਾਨ ਕੇਵਲ ਸਿੰਘ ਦੇ ਪਰਿਵਾਰ ਦੀ ਅੱਜ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਜੀਤਮਹਿੰਦਰ ਸਿੰਘ ਸਿੱਧੂ ਸਾਬਕਾ ਵਿਧਾਇਕ ਤਲਵੰਡੀ ਸਾਬੋ ਨੇ ਆਰਥਿਕ ਸਹਾਇਤਾ ਕਰਦਿਆਂ ਅੱਗੇ ਵਾਸਤੇ ਵੀ ਪਰਿਵਾਰ ਦੀ ਮਦੱਦ ਕਰਨ ਦਾ ਭਰੋਸਾ ਦਿੱਤਾ।

ਦੱਸਣਾ ਬਣਦਾ ਹੈ ਕਿ ਆਪਣੇ ਵੱਲੋਂ ਸ਼ੁਰੂ ਕੀਤੀਆਂ ਜਨਤਕ ਮੀਟਿੰਗਾਂ ਦੀ ਲੜੀ ਤਹਿਤ ਅੱਜ ਸਾਬਕਾ ਵਿਧਾਇਕ ਜੀਤਮਹਿੰਦਰ ਸਿੰਘ ਸਿੱਧੂ ਪਿੰਡ ਸ਼ੇਰਗੜ੍ਹ ਪੁੱਜੇ ਹੋਏ ਸਨ ਜਿੱਥੇ ਪਿੰਡ ਦੇ ਮੋਹਤਬਰਾਂ ਨੇ ਉਨਾਂ ਨੂੰ ਪਿਛਲੇ ਦਿਨੀ ਬਿਜਲੀ ਦਾ ਕਰੰਟ ਲੱਗਣ ਨਾਲ ਮਰੇ ਨੌਜਵਾਨ ਕੇਵਲ ਸਿੰਘ ਪੁੱਤਰ ਗੁਰਜੰਟ ਸਿੰਘ ਦੇ ਪਰਿਵਾਰ ਦੀ ਹਾਲਤ ਬਾਰੇ ਦੱਸਿਆ ਤਾਂ ਸਾਬਕਾ ਵਿਧਾਇਕ ਸਿੱਧੂ ਮ੍ਰਿਤਕ ਨੌਜਵਾਨ ਦੇ ਪਰਿਵਾਰ ਨੂੰ ਮਿਲੇ ਅਤੇ ਪਰਿਵਾਰ ਦੀ ਆਰਥਿਕ ਹਾਲਤ ਨੂੰ ਦੇਖਦਿਆਂ ਮ੍ਰਿਤਕ ਦੀ ਮਾਤਾ ਜਸਵਿੰਦਰ ਕੌਰ ਅਤੇ ਪਰਿਵਾਰ ਨੂੰ ਮੌਕੇ ਤੇ 21 ਹਜ਼ਾਰ ਰੁਪਏ ਦੀ ਆਰਥਿਕ ਮਦੱਦ ਆਪਣੇ ਕੋਲੋਂ ਭੇਂਟ ਕਰਦਿਆਂ ਅੱਗੇ ਵੀ ਪਰਿਵਾਰ ਦੀ ਸਰਕਾਰੇ ਦਰਬਾਰੇ ਮਦੱਦ ਕਰਵਾਉਣ ਦਾ ਭਰੋਸਾ ਦਿੱਤਾ।ਸਾਬਕਾ ਵਿਧਾਇਕ ਸਿੱਧੂ ਨੇ ਇਸ ਮੌਕੇ ਕਿਹਾ ਕਿ ਹਲਕਾ ਤਲਵੰਡੀ ਸਾਬੋ ਦਾ ਹਰੇਕ ਪਰਿਵਾਰ ਉਸਦਾ ਆਪਣਾ ਪਰਿਵਾਰ ਹੈ ਅਤੇ ਹਰੇਕ ਦੀ ਸਾਰ ਲੈਣਾ ਉਨਾਂ ਦਾ ਨੈਤਿਕ ਫਰਜ਼ ਬਣਦਾ ਹੈ ਇਸੇ ਤਹਿਤ ਉਹ ਮ੍ਰਿਤਕ ਨੌਜਵਾਨ ਦੇ ਘਰ ਦੁੱਖ ਪ੍ਰਗਟ ਕਰਨ ਪੁੱਜੇ ਸਨ। ਇਸ ਮੌਕੇ ਉਨਾਂ ਨਾਲ ਅਵਤਾਰ ਮੈਨੂੰਆਣਾ, ਸੁਖਬੀਰ ਸਿੰਘ ਚੱਠਾ, ਜਸਵਿੰਦਰ ਸਿੰਘ ਜ਼ੈਲਦਾਰ ਹਲਕਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ, ਐਡਵੋਕੇਟ ਸਤਿੰਦਰ ਸਿੱਧੂ ਹਲਕਾ ਪ੍ਰਧਾਨ ਯੂਥ ਅਕਾਲੀ ਦਲ, ਗੁਰਤੇਜ ਨਸੀਬਪੁਰਾ ਸਰਕਲ ਪ੍ਰਧਾਨ, ਦਵਿੰਦਰ ਕੋਟਬਖਤੂ ਯੂਥ ਪ੍ਰਧਾਨ, ਗੋਰਾ ਪੱਕਾ ਕਲਾਂ, ਗਗਨ ਪੱਕਾ, ਰਣਜੀਤ ਸਿੰਘ ਸਾਬਕਾ ਸਰਪੰਚ ਸ਼ੇਰਗੜ੍ਹ, ਜਗਸੀਰ ਸਿੰਘ ਮੈਂਬਰ, ਦੇਵ ਸਿੰਘ ਮੈਂਬਰ, ਹਰਦੇਵ ਸਿੰਘ ਮੈਂਬਰ ਅਤੇ ਗੁਰਦੁਆਰਾ ਕਮੇਟੀ ਪ੍ਰਧਾਨ ਗੁਰਚਰਨ ਸਿੰਘ ਆਦਿ ਮੌਜੂਦ ਸਨ।

ਜਾਗਦਾ ਪੰਜਾਬ ਮਿਸ਼ਨ ਵੱਲੋਂ ਦਿੜ੍ਹਬਾ ਵਿਖੇ ਸੈਮੀਨਾਰ ਕਰਵਾਇਆ

ਸੁਨਾਮ/ਗੁਰਵਿੰਦਰ ਗੰਢੂਆਂ

ਜਾਗਦਾ ਪੰਜਾਬ ਮਿਸ਼ਨ ਜੋਨ ਦਿੜ੍ਹਬਾ ਵੱਲੋਂ ਗਾਇਕ ਪਰਮਜੀਤ ਪੰਮੀ ਬਾਈ ਅਤੇ ਰਣਜੀਤ ਸਿੰਘ ਸ਼ੀਤਲ ਜੋਨ ਪ੍ਰਧਾਨ ਜਾਗਦਾ ਪੰਜਾਬ ਦਿੜ੍ਹਬਾ ਦੀ ਅਗਵਾਈ ਹੇਠ ਗੀਤਾ ਭਵਨ ਦਿੜ੍ਹਬਾ ਵਿਖੇ ਵਿਸ਼ਾਲ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਲੋਕਾਂ ਨੇ ਸ਼ਮੂਲੀਅਤ ਕੀਤੀ।ਸੈਮੀਨਾਰ ਨੂੰ ਸੰਬੋਧਨ ਕਰਦਿਆਂ ਉੱਘੇ ਬੁੱਧੀਜੀਵੀ ਤੇ ਲੇਖਕ ਡਾ ਪਿਆਰੇ ਲਾਲ ਗਰਗ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸੱਚਮੁੱਚ ਹੀ ਪੰਜਾਬ ਅਫਗਾਨਿਸਤਾਨ ਬਣਨ ਜਾ ਰਿਹਾ ਹੈ ਕਿਉਂਕਿ ਅੱਜ ਜਿਹੜਾ ਕਾਰਪੋਰੇਟ ਸਿਸਟਮ ਚੱਲ ਰਿਹਾ ਹੈ ਇਸ ਸਿਸਟਮ ਦੇ ਮੁਕਾਬਲੇ ਕੋਈ ਹੋਰ ਸਿਸਟਮ ਖੜ੍ਹਾ ਕਰਨਾ ਚਾਹੀਦਾ ਹੈ ਪ੍ਰੰਤੂ ਜਾਗਦਾ ਪੰਜਾਬ ਵਿਚੋਂ ਪੰਜਾਬ ਦਾ ਭਵਿੱਖ ਨਜਰ ਆ ਰਿਹਾ ਹੈ ਕਿਉਂਕਿ ਜਾਗਦਾ ਪੰਜਾਬ ਅਜਿਹੀ ਮੂਵਮੈਂਟ ਖੜ੍ਹੀ ਕਰ ਰਿਹਾ ਹੈ ਜਿਸ ਨਾਲ ਪੰਜਾਬ ਵਿੱਚ ਯੋਧੇ ਪੈਦਾ ਹੋਣਗੇ ਤੇ ਪੰਜਾਬ ਚ ਵੱਡਾ ਬਦਲਾਅ ਆਵੇਗਾ।ਉਨ੍ਹਾਂ ਪੰਜਾਬ ਦੇ ਲੋਕਾਂ ਅਤੇ ਨੌਜਵਾਨਾਂ ਨੂੰ ਜਾਗਦਾ ਪੰਜਾਬ ਮਿਸ਼ਨ ਨਾਲ ਜੁੜਨ ਦਾ ਸੱਦਾ ਦਿੱਤਾ। ਜਾਗਦਾ ਪੰਜਾਬ ਦੇ ਪ੍ਰਧਾਨ ਡਾ ਕਰਮਜੀਤ ਸਰਾਂ ਆਈਏਐੱਸ ਰਿਟਾਇਰਡ ਨੇ ਕਿਹਾ ਕਿ ਉਨ੍ਹਾਂ ਨੇ ਵੱਖ ਵੱਖ ਅਹੁਦਿਆਂ ਤੇ ਰਹਿੰਦਿਆਂ ਦੇਖਿਆ ਹੈ ਕਿ ਰਾਜਨੀਤਕ ਲੀਡਰਾਂ ਦਾ ਲੋਕਾਂ ਪ੍ਰਤੀ ਨਜ਼ਰੀਆ ਠੀਕ ਨਹੀਂ ਕਿਉਂਕਿ ਉਹ ਲੋਕਾਂ ਨੂੰ ਬੰਦੇ ਹੀ ਨਹੀਂ ਸਮਝਦੇ, ਜਿਸ ਕਰਕੇ ਰਾਜਨੀਤਕ ਲੋਕਾਂ ਦੇ ਇਸ ਨਜਰੀਏ ਦੇ ਬਦਲਾਅ ਲਈ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਜਾਗਦਾ ਪੰਜਾਬ ਮਿਸ਼ਨ ਰਾਹੀਂ ਲੋਕਾਂ ਅਤੇ ਖਾਸ ਕਰਕੇ ਨੌਜਵਾਨਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ।ਪੰਜਾਬੀ ਟ੍ਰਿਬਿਊਨ ਦੇ ਨਿਊਜ ਕੁਆਰਡੀਨੇਟਰ ਹਮੀਰ ਸਿੰਘ ਨੇ ਕਿਹਾ ਕਿ ਜਿਹੜਾ ਅੰਦੋਲਨ ਕਿਸਾਨ ਲੜ ਰਹੇ ਹਨ ਇਹ ਰਾਜਨੀਤਕ ਲੋਕਾਂ ਨੂੰ ਲੜਨਾ ਚਾਹੀਦਾ ਸੀ ਪ੍ਰੰਤੂ ਕਿਸਾਨ ਦੋ ਵੱਡੀਆਂ ਚੀਜ਼ਾਂ ਇੱਕ ਕਾਰਪੋਰੇਟ ਸਿਸਟਮ ਦੇ ਖਿਲਾਫ ਅਤੇ ਦੂਜਾ ਫੈਡਰਲਿਜ਼ਮ ਦੀ ਲੜਾਈ ਤੇ ਲੜ ਰਹੇ ਹਨ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਕਾਨੂੰਨ ਬਣਾਉਣ ਦਾ ਕੋਈ ਹੱਕ ਹੀ ਨਹੀਂ ਉਨ੍ਹਾਂ ਅੱਗੇ ਕਿਹਾ ਕਿ 2022 ਦੀਆਂ ਚੋਣਾਂ ਤੋਂ ਪਹਿਲਾਂ ਕਿਸਾਨੀ ਅੰਦੋਲਨ ਵਿੱਚੋਂ ਕੋਈ ਨਵੀਂ ਰਾਜਨੀਤਕ ਪਾਰਟੀ ਬਣੇਗੀ ਜਿਸ ਨਾਲ ਪੰਜਾਬ ਦੇ ਰਾਜਨੀਤਕ ਖੇਤਰ ਵਿਚ ਵੱਡਾ ਬਦਲਾਅ ਆਉਣ ਦੀ ਸੰਭਾਵਨਾ ਬਣ ਰਹੀ ਹੈ। ਸਹਾਇਤਾ ਐੱਨਜੀਓ ਦੇ ਡਾਇਰੈਕਟਰ ਅਤੇ ਜਾਗਦਾ ਪੰਜਾਬ ਦੇ ਸੀਨੀਅਰ ਮੀਤ ਪ੍ਰਧਾਨ ਡਾ ਰਾਜਿੰਦਰ ਸਿੰਘ ਰਾਜੀ ਨੇ ਦੱਸਿਆ ਕਿ ਸਹਾਇਤਾ ਐੱਨਜੀਓ ਵੱਲੋਂ ਪੰਜਾਬ ਦੇ ਵਿੱਚ 1700 ਤੋਂ ਵੀ ਵੱਧ ਲੋੜਵੰਦ ਬੱਚਿਆਂ ਦੀ ਸਮੁੱਚੀ ਪੜ੍ਹਾਈ ਦਾ ਖਰਚਾ ਚੁੱਕਿਆ ਜਾ ਰਿਹਾ ਹੈ। ਇਸ ਮੌਕੇ ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਜਾਗਦਾ ਪੰਜਾਬ ਮਿਸ਼ਨ ਨਾਲ ਜੁੜਨ ਸਾਬਕਾ ਆਈਏਐਸ ਡਾ ਹਰਕੇਸ਼ ਸਿੰਘ ਸਿੱਧੂ ਨੇ ਸੰਬੋਧਨ ਕਰਦਿਆਂ ਆਪਣੇ ਡੀਸੀ ਹੁੰਦਿਆਂ ਤਜਰਬੇ ਸਾਂਝੇ ਕੀਤੇ ਅਤੇ ਪੰਜਾਬ ਦੇ ਲੋਕਾਂ ਪੰਜਾਬ ਨੂੰ ਪਹਿਲਾਂ ਵਾਲਾ ਹੱਸਦਾ ਵੱਸਦਾ ਬਣਾਉਣ ਲਈ 2022 ਦੀਆਂ ਚੋਣਾਂ ਵਿੱਚ ਪੰਜਾਬ ਵਿੱਚ ਸਾਫ ਸੁਥਰੇ ਤੇ ਵਧੀਆ ਅਕਸ ਵਾਲੇ ਬੰਦੇ ਅੱਗੇ ਲਿਆਉਣ ਦਾ ਜ਼ੋਰਦਾਰ ਸੱਦਾ ਦਿੱਤਾ ਅਤੇ ਪੰਜਾਬੀ ਟ੍ਰਿਬਿਊਨ ਦੇ ਪੱਤਰਕਾਰ ਰਣਜੀਤ ਸਿੰਘ ਸ਼ੀਤਲ ਦੇ ਵੱਲੋਂ ਕਰਵਾਏ ਜਾ ਰਹੇ ਪਿਛਲੇ ਵੀਹ ਸਾਲਾਂ ਤੋਂ ਸਮਾਜ ਸੇਵੀ ਕਾਰਜਾਂ ਦੀ ਪ੍ਰਸੰਸਾ ਕੀਤੀ।ਉੱਘੇ ਗਾਇਕ ਅਤੇ ਫਿਲਮ ਅਦਾਕਾਰ ਪੰਮੀ ਬਾਈ ਨੇ ਸੰਬੋਧਨ ਕਰਦਿਆ ਕਿਹਾ ਕਿ ਪੰਜਾਬ ਦੀਆਂ ਰਵਾਇਤੀ ਪਾਰਟੀਆਂ ਨੇ ਪੰਜਾਬ ਦੇ ਲੋਕਾਂ ਨੂੰ ਮੰਗਤੇ ਬਣਾ ਦਿੱਤਾ ਹੈ ਕਿਉਂਕਿ ਚੋਣਾਂ ਦੇ ਐਨ ਮੌਕੇ ਰਾਜ ਸੱਤਾ ਤੇ ਕਾਬਜ਼ ਹੋਣ ਲਈ ਲੋਕਾਂ ਨੂੰ ਮੁਫਤ ਦੀਆਂ ਸਹੂਲਤਾਂ ਦੇ ਕੇ ਬੁੱਧੂ ਬਣਾਇਆ ਜਾ ਰਿਹਾ ਹੈ ਜਦੋਂ ਕਿ ਪੰਜਾਬ ਪਹਿਲਾਂ ਹੀ ਕਰਜੇ ਦੇ ਭਾਰ ਹੇਠਾਂ ਦੱਬ ਰਿਹਾ ਹੈ ।ਇਸ ਸਮਾਗਮ ਨੂੰ ਬਿਕਰਮ ਸਿੰਘ ਬਾਜਵਾ ਸੇਵਾਮੁਕਤ ਜਨਰਲ ਮੈਨੇਜਰ ਰਿਜ਼ਰਵ ਬੈਂਕ ਆਫ ਇੰਡੀਆ /ਅਮਰਜੀਤ ਸਿੰਘ ਵਾਲੀਆ/ ਕੈਪਟਨ ਉੱਤਮ ਸਿੰਘ/ਜਾਗ ਦਾ ਪੰਜਾਬ ਦੇ ਮੀਤ ਪ੍ਰਧਾਨ ਬਾਬੂ ਸਿੰਘ ਬਰਾੜ/ਉੱਘੇ ਗਾਇਕ ਸਤਨਾਮ ਪੰਜਾਬੀ/ਪ੍ਰੋਫੈਸਰ ਕਿਰਨਦੀਪ ਕੌਰ ਆਦਿ ਬੁਲਾਰਿਆਂ ਨੇ ਸੰਬੋਧਨ ਕੀਤਾ। ਜਾਗਦਾ ਪੰਜਾਬ ਜੋਨ ਦਿੜ੍ਹਬਾ ਦੇ ਪ੍ਰਧਾਨ ਰਣਜੀਤ ਸਿੰਘ ਸ਼ੀਤਲ ਨੇ ਆਏ ਸਾਰੇ ਮਹਿਮਾਨਾਂ ਪਤਵੰਤਿਆਂ ਅਤੇ ਪਿੰਡ ਸੁਧਾਰ ਸਭਾ ਦੇ ਸਮੁੱਚੇ ਪ੍ਰਧਾਨ ਸਾਹਿਬਾਨਾਂ ਅਤੇ ਬੀਬੀਆਂ ਦਾ ਧੰਨਵਾਦ ਕੀਤਾ।ਇਸ ਤੋਂ ਪਹਿਲਾਂ ਹੋਣਹਾਰ ਗਾਇਕਾ ਸ਼ਗਨਪ੍ਰੀਤ ਕੌਰ ਨੇ ਜਾਗਦਾ ਪੰਜਾਬ ਸਬੰਧੀ ਗੀਤ ਗਾ ਕੇ ਸਮਾਗਮ ਵਿੱਚ ਜੋਸ਼ ਭਰਿਆ/ਕਿਸਾਨ ਵਿੰਗ ਦੀ ਆਗੂ ਕੁਲਵਿੰਦਰ ਕੌਰ ਦਿੜ੍ਹਬਾ ਨੇ ਵੀ ਕਿਸਾਨੀ ਤੇ ਆਪਣਾ ਗੀਤ ਪੇਸ਼ ਕੀਤਾ।

ਨਵੀਂ ਬਣ ਰਹੀ ਸੜਕ ਨੂੰ ਲੈ ਕੇ ਹੋਇਆ ਵਿਵਾਦ 40 ਸਾਲਾ ਵਿਅਕਤੀ ਦੀ ਮੌਤ

ਮਮਦੋਟ/ਹਰਪ੍ਰੀਤ ਸਿੰਘ ਹੈਪੀ

ਥਾਣਾ ਮਮਦੋਟ ਦੇ ਅਧੀਨ ਆਉਂਦੇ ਪਿੰਡ ਵੱਲੀਆਂ ਵਿੱਚ ਨਵੀਂ ਬਣ ਰਹੀ ਸੜਕ ਲੈ ਕੇ ਪਿੰਡ ਦੇ ਦੋ ਪਰਿਵਾਰਾਂ ਵਿੱਚ ਵਿਵਾਦ ਪੈਦਾ ਹੋ ਗਿਆ ਵਿਵਾਦ ਦੌਰਾਨ ਹੋਈ ਲੜਾਈ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ।ਜਾਣਕਾਰੀ ਦਿੰਦੇ ਹੋਏ ਮ੍ਰਿਤਕ ਵਿਅਕਤੀ ਦੇ ਭਰਾ ਸੁਰਜੀਤ ਸਿੰਘ ਨੇ ਦੱਸਿਆ ਕਿ ਕੱਲ੍ਹ ਦੁਪਹਿਰ ਕਰੀਬ 1 ਵਜੇ ਘਰ ਦੇ ਅੱਗੋਂ ਨਵੀਂ ਸੜਕ ਬਣ ਰਹੀ ਸੀ ਕਿ ਮੇਰਾ ਭਤੀਜਾ ਖਿੱਲਰੀ ਹੋਈ ਬੱਜਰੀ ਆਪਣੇ ਦਰਵਾਜ਼ੇ ਦੇ ਅੱਗੇ ਪਾਉਣ ਲੱਗਾ ਤਾਂ ਗੁਆਂਢ ਚ ਰਹਿਣ ਵਾਲੇ ਪਰਿਵਾਰ ਨੇ ਬਜਰੀ ਚੁੱਕਣ ਨੂੰ ਲੈ ਕੇ ਝਗੜਾ ਸ਼ੁਰੂ ਕਰ ਲਿਆ ਹੋਏ ਝਗੜੇ ਦੌਰਾਨ ਉਕਤ ਪਰਿਵਾਰਕ ਮੈਂਬਰਾਂ ਵੱਲੋਂ ਸਾਡੇ ਉੱਪਰ ਇੱਟਾਂ ਵੱਟੇ ਤੇ ਰੋੜੇ ਚਲਾਏ ਝਗੜੇ ਦੌਰਾਨ ਮੇਰੇ ਛੋਟੇ ਭਰਾ ਗੁਰਮੀਤ ਸਿੰਘ(40) ਪੁੱਤਰ ਖੁਸ਼ਹਾਲ ਸਿੰਘ ਦੇ ਛਾਤੀ ਵਿੱਚ ਇੱਟ ਵੱਜਣ ਨਾਲ ਗੰਭੀਰ ਜ਼ਖਮੀ ਹੋ ਗਿਆ ਜਿਸ ਨੂੰ ਇਲਾਜ ਦੇ ਲਈ ਹਸਪਤਾਲ ਲਿਜਾਣ ਲੱਗੇ ਤਾਂ ਉਕਤ ਵਿਅਕਤੀਆਂ ਨੇ ਤੁਹਾਡੇ ਘਰ ਦੇ ਦਰਵਾਜ਼ੇ ਅੱਗੇ ਆਪਣੀ ਮਹਿੰਦਰਾ ਪਿਕਅੱਪ ਗੱਡੀ ਲਗਾ ਕੇ ਸਾਨੂੰ ਇਲਾਜ ਦੇ ਲਈ ਘਰੋਂ ਬਾਹਰ ਨਾ ਜਾਣ ਦਿੱਤਾ ਤੇ ਸ਼ਾਮ 3 ਵਜੇ ਤਕ ਪੂਰੀ ਜੱਦੋ ਜਹਿਦ ਤਹਿਤ ਗੁਰਮੀਤ ਸਿੰਘ ਨੂੰ ਮਮਦੋਟ ਦੇ ਸਿਵਲ ਹਸਪਤਾਲ ਵਿਚ ਜਾ ਕੇ ਦਾਖ਼ਲ ਕਰਵਾਇਆ ਗਿਆ ਪਰ ਡਾਕਟਰਾਂ ਵੱਲੋਂ ਫਿਰੋਜਪੁਰ ਰੈਫਰ ਕਰ ਦਿੱਤਾ ਗਿਆ ਫਿਰੋਜ਼ਪੁਰ ਸਿਵਲ ਹਸਪਤਾਲ ਵਿਖੇ ਹਾਲਤ ਨੂੰ ਗੰਭੀਰ ਵੇਖਦੇ ਹੋਏ ਡਾਕਟਰਾਂ ਨੇ ਫ਼ਰੀਦਕੋਟ ਗੁਰੂ ਗੋਬਿੰਦ ਸਿੰਘ ਮੈਡੀਕਲ ਹਸਪਤਾਲ ਵਿਖੇ ਭੇਜ ਦਿੱਤਾ ਜਿੱਥੇ ਜ਼ੇਰੇ ਇਲਾਜ ਅੱਜ ਸਵੇਰੇ ਤੜਕੇ ਗੁਰਮੀਤ ਸਿੰਘ ਦੀ ਮੌਤ ਹੋ ਗਈ ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी (रजि.)
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111